
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥



ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤ ਸਰੋਵਰ [illegible] ਕਾਰ ਸੇਵਾ ਦਾ ਦ੍ਰਿਸ਼

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ 3/70-68-21 (ਅ.ਪ.) ਮਿਤੀ 17-10-68 ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਵੈਸਾਖੁ ਸੁਹਾਵਾ ਤਾਂ ਲਗੈ | ਸ੍ਰੀ ਗੁਰੂ ਪੰਚਮ ਪਾਤਸ਼ਾਹ | ੧ |
| ਗੁਰਬਾਣੀ - ਵੀਚਾਰ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੨ |
| ਅੰਮ੍ਰਿਤ (ਕਵਿਤਾ) | ਸ: ਵਿਧਾਤਾ ਸਿੰਘ ਜੀ ਤੀਰ | ੪ |
| ਅਲੌਕਿਕ ਵੈਸਾਖੀ | ਪ੍ਰਿੰਸੀਪਲ ਹਰਿਭਜਨ ਸਿੰਘ ਜੀ | ੫ |
| ਵੈਸਾਖੀ [ਕਵਿਤਾ] | ਸ: ਉਜਾਗਰ ਸਿੰਘ ਜੀ ਉਲਫ਼ਤ | ੧੦ |
| ਕੀ ਇਹ ਸਿਖੀ ਹੈ ? [ਕਵਿਤਾ] | ਗਿ: ਗੋਪਾਲ ਸਿੰਘ ਜੀ ਮਿੱਤਰ | ੧੦ |
| ਕੀਰਤਨ - ਭੇਟਾ | ਗਿਆਨੀ ਹਰਬੰਸ ਸਿੰਘ ਜੀ | ੧੧ |
| ਵਿਸਾਖੀ ਦੀਆਂ ਵਧਾਈਆਂ [ਕਵਿਤਾ] | ਗਿ: ਗੋਪਾਲ ਸਿੰਘ ਜੀ ਮਿੱਤਰ | ੧੯ |
| ਸਾਡੇ ਗੁਰਮਤਿ ਅਨੰਦ - ਕਾਰਜ | ਇਕ ਸਿੰਘ ਜੀ. ਦੇਵਲਾਲੀ | ੨੦ |
| ਇਤਿਹਾਸ ਗੋਇੰਦਵਾਲ ਸਾਹਿਬ | ਸ: ਦਸੌਂਧਾ ਸਿੰਘ ਜੀ, ਹੈਡਮਾਸਟਰ | ੨੧ |
| ਤਤ-ਰਹਿਤ ਬਾਰੇ ਟਪਲਾ ਕਿਉਂ ? | ਐਡੀਟਰ | ੨੬ |
| ਪਿਆਰ | ਪ੍ਰੋਫ਼ੈਸਰ ਸਾਹਿਬ ਸਿੰਘ ਜੀ | ੩੧ |
| ਅਖੌਤੀ ਨਿਰੰਕਾਰੀਆਂ ਨੂੰ ਮੋੜੋ | ਗੁਰਮਤਿ ਪ੍ਰਚਾਰਕ ਸਭਾ, ਚੰਡੀਗੜ੍ਹ | ੩੫ |
| ਯੂ. ਕੇ. (ਇੰਗਲੈਂਡ) ਵਿਚ ਹੈਲਮਟ ਲੋਹ - ਟੋਪ ਵਿਰੁੱਧ ਜਦੋ - ਜਿਹਦ | | ੪੧ |


ਸੋਧ ਲਵੋ—ਸਫ਼ਾ ੨੭ ਦੇ ਪਹਿਲੇ ਕਾਲਮ ਵਿਚ ਕੇਸਕੀ (ਦਸਤਾਰ) ਦੇ ਸਬੰਧ ਵਿਚ ਮਿਸਟਰ ਕਨਿੰਘਮ ਦੇ ਸਹੀ ਸ਼ਬਦ ਇਉਂ ਹਨ —

"The Sikh women are distinguished from Hindoos of their sex by some variety of dress, but chiefly by a higher top-knot of hair"

## ਅਪ੍ਰੈਲ ੧੯੭੪ ਵਿਚ ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਜੋਤੀ ਜੋਤਿ ਸਮਾਏ | ੫ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਿਆਈ ਪ੍ਰਾਪਤ ਕੀਤੀ | ੫ ,, |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਵਤਾਰ ਧਾਰਿਆ | ੧੧ ,, |
| ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ ਧਾਰਿਆ | ੧੩ ,, |
| ਸ੍ਰੀ ਗੁਰੂ ਅੰਗਦ ਦੇਵ ਜੀ ਅਵਤਾਰ ਧਾਰਿਆ | ੨੩ ,, |
| ਵੈਸਾਖੀ [ਖ਼ਾਲਸੇ ਜੀ ਦਾ ਜਨਮ - ਦਿਨ] | ੧੩ ,, |

ਸੰਗਰਾਂਦ ਵੈਸਾਖ ੧੩ ਅਪ੍ਰੈਲ

ਪੂਰਨਮਾਸ਼ੀ ੬ ਅਪ੍ਰੈਲ ਮਸਿਆ ੨੨ ਅਪ੍ਰੈਲ

ਜੀਉਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ
ਸਰਬ ਹਿੰਦ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


ਸਾਲਾਨਾ ਚੰਦਾ ਦੇਸ : ੬ ਰੁਪਏ
ਫ਼ੀ ਕਾਪੀ : ੫੦ ਪੈਸੇ






ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਧ ਜਾਣ।


## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ


ਜਿਲਦ ੮ ੧ ਅਪ੍ਰੈਲ, ੧੯੭੪ ਅੰਕ ੪


### ਵੈਸਾਖੁ ਸੁਹਾਵਾ ਤਾਂ ਲਗੈ, ਜਾ ਸੰਤੁ ਭੇਟੈ ਹਰਿ ਸੋਇ ॥

ਰੁਤਿ ਸਰਸ ਬਸੰਤ, ਮਾਹ ਚੇਤੁ ਵੈਸਾਖੁ ਸੁਖ ਮਾਸੁ ਜੀਉ ॥
ਹਰਿ ਜੀਉ ਨਾਹੁ ਮਿਲਿਆ, ਮਉਲਿਆ ਮਨੁ ਤਨੁ ਸਾਸੁ ਜੀਉ ॥
ਘਰਿ ਨਾਹੁ ਨਿਹਚਲੁ ਅਨਦੁ ਸਖੀਏ, ਚਰਨ ਕਮਲ ਪ੍ਰਫੁਲਿਆ ॥
ਸੁੰਦਰੁ ਸੁਘੜੁ ਸੁਜਾਣੁ ਬੇਤਾ, ਗੁਣ ਗੋਵਿੰਦ ਅਮੁਲਿਆ ॥
ਵਡਭਾਗਿ ਪਾਇਆ ਦੁਖੁ ਗਵਾਇਆ, ਭਈ ਪੂਰਨ ਆਸ ਜੀਉ ॥
ਬਿਨਵੰਤਿ ਨਾਨਕ ਸਰਣਿ ਤੇਰੀ, ਮਿਟੀ ਜਮ ਕੀ ਤ੍ਰਾਸ ਜੀਉ ॥੨॥

[ਰਾਮਕਲੀ ਮ: ੫ ਰੁਤੀ


ਐਡੀਟਰ : ਜਸਵੰਤ ਸਿੰਘ ਗਿਆਨੀ, ਬੀ. ਏ., ਬੀ. ਟੀ.



www.AKJ.Org

# ਗੁਰਬਾਣੀ-ਵੀਚਾਰ

ਮਾਰੂ ਮਹਲਾ ੧ ਘਰੁ ੫ (ਪੰਨਾ ੯੯੩)

ਅਹਿਨਿਸਿ ਜਾਗੈ ਨੀਦ ਨ ਸੋਵੈ ॥ ਸੋ ਜਾਣੈ ਜਿਸੁ ਵੇਦਨ ਹੋਵੈ ॥
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ, ਵੈਦੁ ਕਿ ਜਾਣੈ ਕਾਰੀ ਜੀਉ ॥੧॥
ਜਿਸ ਨੋ ਸਾਚਾ ਸਿਫਤੀ ਲਾਏ ॥ ਗੁਰਮੁਖਿ ਵਿਰਲੇ ਕਿਸੈ ਬੁਝਾਏ ॥
ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ਰਹਾਉ॥
ਪਿਰ ਸੇਤੀ ਧਨੁ ਪ੍ਰੇਮ ਰਚਾਏ ॥ ਗੁਰ ਕੈ ਸਬਦਿ ਤਥਾ ਚਿਤੁ ਲਾਏ ॥
ਸਹਜ ਸੇਤੀ ਧਨ ਖਰੀ ਸੁਹੇਲੀ, ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥
ਸਹਸਾ ਤੋੜੇ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖੁ ਚੜਾਏ ॥
ਗੁਰ ਕੈ ਸਬਦਿ ਮਰੈ ਮਨੁ ਮਾਰੈ, ਸੁੰਦਰਿ ਜੋਗਾਧਾਰੀ ਜੀਉ ॥੩॥
ਹਉਮੈ ਜਲਿਆ ਮਨਹੁ ਵਿਸਾਰੇ ॥ ਜਮਪੁਰਿ ਵਜਹਿ ਖੜਗ ਕਰਾਰੇ ॥
ਅਬ ਕੈ ਕਹਿਐ ਨਾਮੁ ਨ ਮਿਲਈ, ਤੂ ਸਹੁ ਜੀਅੜੇ ਭਾਰੀ ਜੀਉ ॥੪॥
ਮਾਇਆ ਮਮਤਾ ਪਵਹਿ ਖਿਆਲੀ ॥ ਜਮਪੁਰਿ ਫਾਸਹਿਗਾ ਜਮਜਾਲੀ ॥
ਹੇਤ ਕੇ ਬੰਧਨ ਤੋੜਿ ਨ ਸਾਕਹਿ, ਤਾ ਜਮੁ ਕਰੇ ਖੁਆਰੀ ਜੀਉ ॥੫॥
ਨਾ ਹਉ ਕਰਤਾ ਨਾ ਮੈ ਕੀਆ ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥
ਜਿਸ ਤੂ ਦੇਹਿ ਤਿਸੈ ਕਿਆ ਚਾਰਾ, ਨਾਨਕ ਸਰਣਿ ਤੁਮਾਰੀ ਜੀਉ ॥੬॥੧॥੧੨॥

[ ਵਿਆਖਿਆ ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਅਸਥਾਈ (ਰਹਾਉ) ਵਾਲੀਆਂ ਪੰਗਤੀਆਂ ਇਹ ਤਤ-ਕਰਮ-ਸਾਰੀ ਸਾਰੇ ਭੇਦ ਭੇਦਾਉਂਦੀਆਂ ਹਨ ਕਿ ਸਚਾ ਸਿਫਤੀਸੁਰ ਵਾਹਿਗੁਰੂ ਆਪ ਜਿਸ ਨੂੰ ਸਿਫਤਿ ਸਲਾਹ ਬਖ਼ਸ਼ਦਾ ਹੈ ਸੋਈ ਗੁਰਮੁਖ ਜਨ ਸਿਫਤਿ-ਸਾਲਾਹੀ ਅਭਿਆਸੀ ਕਮਾਈਆਂ ਵਿਚਿ ਤਤਪਰ ਹੋ ਕੇ ਲਗਦਾ ਹੈ। ਵਿਰਲੇ ਕਿਸੇ ਗੁਰਮੁਖ ਨੂੰ ਹੀ ਇਹ ਰਾਜ਼ ਸਚੀ ਸਿਫਤਿ ਸਾਲਾਹ (ਗੁਰਮਤਿ ਨਾਮ ਗੁਰਮੰਤਰ) ਦਾ ਦਸਦਾ ਬੁਝਾਉਂਦਾ ਹੈ । ਆਪੇ ਹੀ ਨਾਮ-ਅੰਮ੍ਰਿਤ ਦੇ ਵਪਾਰੀ, ਅੰਮ੍ਰਿਤ ਛਕਣ ਦੇ ਅਧਿਕਾਰੀ ਲਭ ਲੈਂਦਾ ਹੈ । ਤਿਨ੍ਹਾਂ ਨੂੰ ਆਪ ਹੀ ਅੰਮ੍ਰਿਤ ਦੀ ਸਾਰ ਜਣਾਇ ਦਿੰਦਾ ਹੈ । ਅੰਮ੍ਰਿਤ ਦੀ ਸਹੀ ਸਾਰ ਜਾਨਣਹਾਰੇ ਹੀ ਅੰਮ੍ਰਿਤ ਪਦਾਰਥ ਦੇ ਵਾਪਾਰੀ ਬਣਦੇ ਹਨ। ਬਣਾਏ ਹੀ ਬਣਦੇ ਹਨ । ਆਪੇ ਹੀ ਬਣਾਉਂਦਾ ਹੈ।

ਐਸੇ ਵਾਹਿਗੁਰੂ ਦੇ ਆਪਿ ਬਣਾਏ ਹੋਏ ਅੰਮ੍ਰਿਤ ਦੇ ਵਾਪਾਰੀ ਅੰਮ੍ਰਿਤ-ਨਾਮ ਦੀ ਕਮਾਈ ਕਰਦੇ ਹੋਏ ਦਿਨੇ ਰਾਤ ਅਭਿਆਸ ਕਮਾਈ ਕਰਨ ਵਿਚਿ ਜੁਟੇ ਹੀ ਰਹਿੰਦੇ ਹਨ। ਗ਼ਫਲਤ ਦੀ ਨੀਂਦੇ ਨਹੀਂ ਸਉਂਦੇ । ਅਰਥਾਤ ਅਭਿਆਸ ਕਮਾਈ ਤੋਂ ਗ਼ਾਫ਼ਲ ਹੋ ਕੇ ਇਕ ਛਿਨ ਭੀ ਕਮਾਈ ਕਰਨੋਂ ਨਹੀਂ ਅਵੇਸਲੇ ਹੋ ਕੇ ਰਹਿੰਦੇ ਬਹਿੰਦੇ । ਸਾਵਧਾਨ (ਸੁਜਾਨ) ਹੋ ਕੇ ਅਭਿਆਸ ਕਮਾਈਆਂ ਵਿਚਿ ਹੀ ਰਾਤ ਦਿਨੇ ਜਾਗਦੇ ਰਹਿੰਦੇ ਹਨ। ਇਕ ਪਲਕ ਭਰ ਭੀ ਨਹੀਂ ਸਉਂਦੇ। ਜਿਨ੍ਹਾਂ ਦੇ ਅੰਦਰਿ



www.AKJ.Org

ਪ੍ਰੇਮ ਦੀਆਂ ਕਾਨੀਆਂ ਲਗੀਆਂ ਹੋਈਆਂ ਹੁੰਦੀਆਂ ਹਨ ਉਹਨਾਂ ਨੂੰ ਕਾਹਨੂੰ ਨੀਂਦ ਆਉਂਦੀ ਹੈ । ਇਸ ਵੇਦਨੀ ਬਵਸਥਾ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨਾਲਿ ਵਾਪਰੀ ਵਰਤੀ ਹੋਈ ਹੁੰਦੀ ਹੈ। ਉਹ ਜੇ ਇਕ ਛਿਨ ਭੀ ਨਾਮ ਅਭਿਆਸ ਤੋਂ ਵਿਰਵੇ ਹੋ ਜਾਂਦੇ ਹਨ ਤਾਂ ਓਹਨਾਂ ਦੇ ਭਾ ਦੀ ਬਣ ਜਾਂਦੀ ਹੈ। ਉਹਨਾਂ ਦੀ ਜਾਨ ਲਬਾਂ ਤੇ ਆ ਜਾਂਦੀ ਹੈ। "ਆਖਾ ਜੀਵਾ ਵਿਸਰੈ ਮਰਿ ਜਾਉ" ਦੇ ਭਾਵ ਵਾਲੀ ਘਟਨਾ ਉਹਨਾਂ ਤੇ ਐਨ ਘਟਦੀ ਹੈ । ਨਾਮ ਸਿਮਰਨ ਆਖਣ ਭਾਖਣ ਹੀ ਉਹਨਾਂ ਦਾ ਜੀਵਨ-ਆਧਾਰੁ ਹੈ । ਪਰ ਨਾਮ ਤੋਂ ਵਿਸਰਜਤ ਹੋਇਆਂ, ਵਿਸਰਿਆਂ ਉਹਨਾਂ ਦਾ ਮਰਨ ਹੋ ਜਾਂਦਾ ਹੈ । ਇਕ ਛਿਨ ਭੀ ਨਾਮ ਤੋਂ ਵਿਸਰਨ ਦੀ ਪੀੜ ਉਹਨਾਂ ਲਈ ਮਰਨ ਦੀ ਪੀੜ ਵੇਦਨ ਸਦਰਸ ਹੈ । ਐਸੀ ਪ੍ਰੇਮ-ਵੇਦਨ ਵਾਲੇ ਹੀ ਅਹਿਨਿਸਿ ਸਿਮਰਨ ਵਿਚਿ ਜਾਗਦੇ ਹਨ ਅਤੇ ਇਕ ਨਿਮਖ ਮਾਤਰ ਨਹੀਂ ਸਉਂਦੇ । ਜਿਨ੍ਹਾਂ ਨੂੰ ਸਚੇ ਰੱਬੀ ਪ੍ਰੇਮ-ਇਸ਼ਕ ਪ੍ਰਮਾਰਥੀ ਦੀਆਂ ਸਚੀਆਂ ਲਿਲਾਂ ਲਗੀਆਂ ਹੋਈਆਂ ਹਨ ਸੋਈ ਇਸ ਵੇਦਨੀ ਬਵਸਥਾ ਦੀ ਸਾਰ ਜਾਣਦੇ ਹਨ। ਜਿਨ੍ਹਾਂ ਦਾ ਹੀਅਰਾ ਜੀਅਰਾ ਪ੍ਰੇਮ ਦੇ ਤੀਰਾਂ ਨਾਲਿ ਵਿੰਨ੍ਹਿਆ ਹੋਇਆ ਹੁੰਦਾ ਹੈ ਉਹਨਾਂ ਦੇ ਹਾਲ ਦੀ ਅਉਖਧੀ, ਉਹਨਾਂ ਦੀ ਦੁਖ ਦਾਰਨੀ ਦਾਰੂ, ਇਹ ਦੁਨਿਅ ਵੀ ਵੈਦ ਹਕੀਮ ਕੀ ਜਾਣਦੇ ਹਨ। ਜਾਣ ਹੀ ਨਹੀਂ ਸਕਦੇ।

ਪ੍ਰੀਤਮ ਪ੍ਰਮਾਤਮਾ ਰੂਪੀ ਖਸਮ ਸੇਤੀ ਐਸਾ-ਵੇਦਨੀ-ਪ੍ਰੇਮ ਕੋਈ ਵਿਰਲੀ ਵਡਭਾਗਣ ਪ੍ਰਮਾਰਥੀ ਜਗਿਆਸਾ ਵਾਲੀ ਜਗਿਆਸਣ ਇਸਤ੍ਰੀ ਹੀ ਰਚਾਉਂਦੀ ਹੈ । ਪਰ ਜਦ ਰਚਾਉਂਦੀ ਹੈ ਤਦ ਗੁਰ ਕੇ ਸ਼ਬਦ ਦੁਆਰਾ ਹੀ ਹਿਤੋਂ ਚਿਤੋਂ ਰਚਾਉਂਦੀ ਹੈ । ਹਿਤੋਂ ਚਿਤੋਂ ਗੁਰਮੰਤਰ (ਗੁਰਮਤਿ ਨਾਮ) ਦੀ ਅਭਿਆਸਣ ਹੋ ਕੇ ਹੀ ਐਸਾ ਨੇਹੁ ਲਾਉਂਦੀ ਰਚਾਉਂਦੀ ਹਿਤ ਚਿਤਾਉਂਦੀ ਹੈ । ਐਸੀ ਸਚੜਾ-ਨੇਹੁ-ਪ੍ਰੇਮ ਰਚਾਉਣ ਵਾਲੀ ਇਸਤ੍ਰੀ ਪਰਮਾਰਥ ਦੀ ਸਹਿਜ ਅਵਸਥਾ ਨੂੰ ਪ੍ਰਾਪਤਿ ਹੋ ਕੇ ਸੁਤੇ ਸਹਿਜ ਹੀ ਖਰੀ ਸੁਹੇਲੀ ਹੋ ਜਾਂਦੀ ਹੈ। ਉਸ ਦੇ ਦੁੱਖ ਦਾਰਦ ਸਭ ਮਿਟ ਜਾਂਦੇ ਹਨ। ਸੁਖ ਸਹਿਜ ਦੀ ਖਰੀ ਸੁਹੇਲਤਾ ਉਸ ਨੂੰ ਪ੍ਰਾਪਤਿ ਹੋ ਜਾਂਦੀ ਹੈ । ਉਸ ਦੀਆਂ ਸਾਰੀਆਂ ਡੰਝਾਂ ਲਹਿ ਜਾਂਦੀਆਂ ਹਨ।

ਉਸਦੇ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ। ਸਾਰੇ ਭਰਮ ਚਕਨਾ-ਚੂਰ ਹੋ ਜਾਂਦੇ ਹਨ । ਉੱਕੇ ਪੁੱਕੇ ਹੀ ਚੁੱਕੇ ਜਾਂਦੇ ਹਨ । ਉਹ ਸੁਆਸ-ਅਭਿਆਸੀ ਲਿਵਤਾਰੀ ਦਾ ਐਸਾ ਖੰਡਾ ਖੜਕਾਉਂਦੇ ਹਨ, ਐਸੇ ਅਰਧ ਉਰਧੀ ਪ੍ਰੇਮ-ਅਭਿਆਸ ਦੇ ਚਾਬਕ ਕਸ ਕਸ ਕੇ ਚਲਾਉਂਦੇ ਹਨ, ਨਾਭੀ ਵਿਚਿ ਸੁਆਸ ਟਿਕਾ ਕੇ ਰਸ-ਜੋਤਿ ਬਿਧੰਨੇ ਹੋਇ ਕੇ ਸਿਫ਼ਤਿ ਸਾਲਾਹ ਦੀ ਧਣਖ (ਕਮਾਣ) ਦਾ ਐਸਾ ਚਿੱਲਾ ਚੜ੍ਹਾਉਂਦੇ ਹਨ ਕਿ "ਗੁਰ ਕੈ ਸਬਦਿ ਮਰੈ ਮਨੁ ਮਾਰੈ" ਵਾਲੀ ਸੁੰਦਰ ਯੋਗ ਅਵੱਸਥਾ ਵਾਲੇ ਸੱਚੜੇ ਤੇ ਸੁੰਦਰਾਵਲੇ ਜੋਗਾਧਾਰੀ (ਸਹਿਜ ਜੋਗ ਅਭਿਆਸੀ) ਹੋ ਜਾਂਦੇ ਹਨ। ਪ੍ਰੇਮ-ਬਾਣੀ ਰੂਪੀ ਬਾਣ ਮਾਰ ਮਾਰ ਕੇ, ਸਿੰਨ ਸਿੰਨ ਕੇ, ਪ੍ਰੇਮ-ਬਾਣੀ ਦੇ ਬਾਣ ਚਲਾ ਕੇ ਐਸਾ ਸੁਆਸ ਅਭਿਆਸੀ ਚਿੱਲਾ ਚੜ੍ਹਾਉਂਦੇ ਹਨ ਕਿ ਅਣੀਆਲੇ ਬਾਣਾਂ (ਤੀਰਾਂ) ਦੀ ਅਣੀ ਹਿਰਦਾ ਵੇਧ ਕੇ ਵਿਚੇ ਹੀ ਅੜੀ ਰਹਿੰਦੀ ਹੈ। ਨਿਕਾਲੀ ਨਿਕਲਦੀ ਨਹੀਂ । ਨਿਕਲੇ ਕਿਵੇਂ, ਕਢਣ ਨੂੰ ਜੀਉ ਹੀ ਨਹੀਂ ਕਰਦਾ । ਪਿਰੰਮ ਦੀ ਐਸੀ ਸੁਆਦਲੀ ਪੀਰ ਹੈ ਕਿ ਉਸ ਨੂੰ ਜਰਨ ਵਾਲੇ ਜਰੀਏ ਹੀ ਜਾਣਦੇ ਹਨ, "ਉਹ ਮਰਿ ਜੀਵੈ ਮਰੀਆ" ਦੀ ਸਹਿਜ ਆਤਮ-ਅਵਸਥਾ ਵਾਲੇ ਜੀਵਨ-ਮੁਕਤ ਮਰਿ-ਜੀਵੜੇ ਬਣ ਜਾਂਦੇ ਹਨ। ਇਉਂ ਗੁਰ-ਸ਼ਬਦ ਦੀ ਪਾਰਸ ਅਭਿਆਸ ਕਲਾ ਉਹਨਾਂ ਦੇ ਅੰਦਰਿ-ਆਤਮੇ ਵਰਤ ਜਾਂਦੀ ਹੈ ਕਿ ਉਹ ਸਚ ਮੁਚ ਮਰਜੀਵੇ ਹੋ ਜਾਂਦੇ ਹਨ । ਐਸੇ ਸੁੰਦਰ ਜੋਗਾਧਾਰੀ ਮਰਿ-ਜੀਵੜੇ ਗੁਰਮੁਖ ਜਨ ਗੁਰ ਕਰਤਾਰ ਦੇ ਬਣਾਏ ਹੋਏ ਹੀ ਬਣਦੇ ਹਨ । ਉਸ ਦੀ ਨਦਰ ਦਾ ਸਦਕਾ ਹੀ ਬਣਦੇ ਹਨ । ਆਪੇ ਕੋਈ ਨਹੀਂ ਬਣ ਸਕਦਾ। ਹਉਮੈ ਨੂੰ ਮਾਰ ਕੇ ਮਰਦੇ ਹਨ । ਗੁਰਮੁਖਾਂ ਦੀ ਇਹ ਹਉਮੈ ਗੁਰ ਕਰਤਾਰ ਦੀ ਕਿਰਪਾ ਨਾਲ ਹੀ ਮਰਦੀ ਹੈ।

ਜੋ ਗੁਰੂ ਤੋਂ ਬੇਮੁਖ ਹਨ, ਮਨਮੁਖ ਹਨ, ਉਹ ਅਹਿਨਿਸਿ ਹਉਮੈ ਦੀ ਅਗਨੀ ਵਿਚ ਹੀ ਸੜੇ ਬੁਝੇ ਕੁੜ੍ਹੇ ਰਹਿੰਦੇ ਹਨ। ਐਸੇ ਹਉਮੈ ਦੀ ਅਗਨੀ ਨਾਲਿ ਜਲਿਆਂ ਦਧਿਆਂ ਨੂੰ ਵਾਹਿਗੁਰੂ ਕਰਤਾ ਪੁਰਖ ਕਦੇ ਚੇਤੇ ਹੀ ਨਹੀਂ ਆਉਂਦਾ। ਉਹ ਉੱਕਾ ਹੀ ਵਾਹਿਗੁਰੂ ਤੇ ਵਾਹਿਗੁਰੂ



www.AKJ.Org

ਨਾਮ ਨੂੰ ਮਨਹੁ ਵਿਸਾਰ ਦਿੰਦੇ ਹਨ । ਵਾਹਿਗੁਰੂ ਵਿਸਾਰਨ-ਹਾਰੇ ਅਜਿਹੇ ਮਨਮੁਖਾਂ ਨੂੰ ਜਮਪੁਰੇ ਵਿਚਿ ਜਾ ਕੇ ਜਮਾਂ ਦੇ ਖੜਗ ਕਰਾਰੇ ਵਜਦੇ ਹਨ । ਜਦੋਂ ਜਮਾਂ ਦੇ ਗੁਰਜ ਪੈਣ ਲਗਦੇ ਹਨ, ਫੇਰ ਉਹ ਕੂਕਦੇ ਹਨ ਤੇ ਕਹਿ ਉਠਦੇ ਹਨ ਕਿ ਹੁਣ ਅਗਾਂਹ ਨੂੰ ਨਾਮ ਜਪਾਂਗੇ । ਪਰ "ਅਬ ਕੈ ਕਹਿਐ ਨਾਮੁ ਨ ਮਿਲਈ" ਹੁਣ ਦੀ ਕੂਕ ਪੁਕਾਰ ਤੋਂ ਕੀ ਬਣਦਾ ਹੈ ! ਅਤੇ ਉਹਨਾਂ ਦਾ ਆਖਿਆ ਕਉਣ ਸੁਣਦਾ ਹੈ ! ਉਸ ਵੇਲੇ ਦੀ ਭਾਰੀ ਭੀੜੀ ਬਣੀ ਨੂੰ ਸਿਰ ਤੇ ਸਹਿਣਾ ਪੈਂਦਾ ਹੈ । ਕਦੇ ਛੁਟਕਾਰਾ ਨਹੀਂ ਹੋ ਸਕਦਾ ।

ਮੁਗਧਰਾਂ ਦੀ ਮਾਰ ਤੋਂ ਜਮਪੁਰ ਜਾ ਕੇ ਇਹ ਹਾਲ ਉਨ੍ਹਾਂ ਦਾ ਹੁੰਦਾ ਹੈ ਜੋ ਮਾਤ ਲੋਕ ਵਿਖੇ ਸਾਰੀ ਉਮਰ ਰਹਿੰਦੇ ਮਾਇਆ ਮਮਤਾ ਦੇ ਅਲੂਦੇ ਖ਼ਿਆਲਾਂ ਵਿਚਿ ਹੀ ਲਿਬੜੇ ਰਹਿੰਦੇ ਹਨ । ਮਾਇਆ-ਮਮਤਾ ਵਾਲੇ ਕੰਮਾਂ ਵਿਚਿ ਲਿਬੜੇ ਰਹਿੰਦੇ ਹਨ । ਉਹਨਾਂ ਨੂੰ ਇਹ ਗੱਲ ਕਦੇ ਭੀ ਨਹੀਂ ਅਉੜਦੀ ਕਿ ਜਮਪੁਰ ਜਾ ਕੇ ਜਮ ਦੀ ਜਾਲੀ (ਫਾਸੀ) ਵਿਚਿ ਫਸਣਾ ਪਏਗਾ । ਪਰ ਜ਼ਰੂਰ ਫਸਣਾ ਪਏਗਾ । ਜੂਨੀਆਂ ਵਿਚ ਰਹਿੰਦੇ ਹੇਤ ਦੇ ਬੰਧਨ ਜੋ ਤੋੜ ਨਹੀਂ ਸਕਦੇ । ਮਾਇਆ ਮਮਤਾ ਤੋਂ ਜੇਕਰ ਕੋਈ ਰਹਿਤ ਨਹੀਂ ਹੋ ਸਕਦੇ ਤਾਂ ਹੀ ਉਹਨਾਂ ਦੀ ਜਮਾਂ ਦੇ ਹਥੋਂ ਖੁਆਰੀ ਹੁੰਦੀ ਹੈ । ਜਮ-ਦੁਆਰੇ ਤਾਹੀਓਂ ਤਾਂ ਉਹਨਾਂ ਨੂੰ ਖੱਜਲ ਖੁਆਰ ਹੋਣਾ ਪਏਗਾ ।

ਏਥੇ ਕਿਸੇ ਦਾ ਕੀਤਾ ਕੁਛ ਨਹੀਂ । ਕਿਸੇ ਦੇ ਵਸਿ ਦੀ ਗੱਲ ਹਰਗਿਜ਼ ਨਹੀਂ ਰਹਿੰਦੀ । ਜਿਸ ਨੂੰ ਉਸ ਦਾਤਾਰ ਗੁਰੂ ਕਰਤਾਰ ਨੇ ਬਖ਼ਸ਼ਣਾ ਹੁੰਦਾ ਹੈ ਤਿਸ ਨੂੰ ਇਸ ਮਾਨੁਖਾ ਜਨਮ ਵਿਖੇ ਹੀ ਅੰਮ੍ਰਿਤ ਦੀ ਦਾਤਿ ਮਿਲ ਜਾਂਦੀ ਹੈ, ਅੰਮ੍ਰਿਤ-ਨਾਮ ਪ੍ਰਾਪਤ ਹੋ ਜਾਂਦਾ ਹੈ । ਜਿਸ ਨੂੰ ਇਹ ਦਾਤਿ ਮਿਲ ਜਾਂਦੀ ਹੈ ਉਸ ਦਾ ਬਿਨ-ਚਾਹੇ ਸੁਤੇ ਹੀ ਖੰਡਾ ਖੜਕਣ ਲਗ ਪੈਂਦਾ ਹੈ । ਨਿਰਯਤਨ ਹੀ ਨਾਮ ਅਭਿਆਸ ਦੇ ਸਾਸ ਗਿਰਾਸੀ ਤੋਰੇ ਤੁਰੇ ਰਹਿੰਦੇ ਹਨ । ਜੇਬ-ਘੜੀ ਨੂੰ ਅੱਠ-ਪਹਿਰੀ ਚਾਬੀ ਦਿਤਿਆਂ ੨੪ ਘੰਟੇ ਘੜੀ ਚਲਦੀ ਰਹਿੰਦੀ ਹੈ । ਕਲਾਕ ਨੂੰ ਹਫ਼ਤੇਵਾਰ ਚਾਬੀ ਦੀ ਲੋੜ ਹੈ । ਪ੍ਰੰਤੂ ਅੰਮ੍ਰਿਤ-ਅਧਿਕਾਰੀ ਨੂੰ ਜੀਵਨ ਜੁਗਤਾਰੀ ਚਾਬੀ ਪੰਜਾਂ ਪਿਆਰਿਆਂ ਦੁਆਰਾ ਮਿਲਿਆਂ, ਇਕੋ ਵਾਰ ਮਿਲਿਆਂ, ਜੀਵਨ ਆਰਜਾਰੀ ਅਭਿਆਸਾਚਾਰੀ ਪੈਂਡੂਲਮ ਉਮਰ ਭਰ ਖੜਕਦਾ ਹੀ ਰਹਿੰਦਾ ਹੈ । ਕਦੇ ਬੰਦ ਨਹੀਂ ਹੁੰਦਾ । ਖੜਕਾਉਣਹਾਰੇ ਦਾ ਖੜਕਾਇਆ ਹੀ ਖੜਕਦਾ ਹੈ । ਜੇ ਵਿਚਿ ਵਿਚਾਲੇ ਬਿਘਨ ਨਾ ਪੈ ਜਾਣ, ਅਭਿਆਸੀ ਅਣਹੋਈ ਕਾਂਪ ਨਾ ਖਾ ਜਾਣਾ ਤਾਂ ਹੀ ਇਹ ਕਾਰ ਤੋੜ ਨਿਭਦੀ ਹੈ । ਨਿਭਾਉਣਹਾਰ' ਨਿਭਾਉਂਦਾ ਹੈ । ਸੂਖਮ ਤੋਂ ਸੂਖਮ ਅਹੰਕਾਰ ਜੇ ਕਿਤੇ ਵਿਆਪ ਜਾਏ ਤਾਂ ਅਭਿਆਸੀ ਜਨ ਉਥੇ ਦੇ ਉਥੇ ਹੀ ਰਹਿ ਖੜੋਂਦੇ ਹਨ । ਫੇਰ ਕਿਤੇ ਸਤਿਸੰਗ ਟੋਰਾ ਲਗਿਆਂ ਅਗਾਹਾਂ ਤੁਰਦੇ ਹਨ । ਨਦਰ ਹੋ ਜਾਵੇ ਨਦਰੀ ਪੁਰਖ ਮਿਹਰਬਾਨ ਦੀ ਤਾਂ ਖੜਦੀਓਂ ਚੜ੍ਹਦੀ ਕਲਾ ਬਹੁੜ ਹੋ ਜਾਣ ਵਿਚਿ ਬਿਲਮ ਨਹੀਂ ਲਗਦਾ ।

['ਕਰਮ ਫ਼ਲਾਸਫ਼ੀ' ਪੁਸਤਕ ਵਿਚੋਂ

## ਅੰਮ੍ਰਿਤ

[ ਵਲੋਂ—ਸ: ਵਿਧਾਤਾ ਸਿੰਘ ਜੀ ਤੀਰ ]

ਜਿਸ ਮੂੰਹ ਇਹ ਪੀਤਾ, ਉਸ ਮੂੰਹ ਤੇ ਲਾਲੀ,
ਉਹ ਮੌਤ ਨੂੰ ਮਾਰੇ, ਹੋ ਅਮਰ-ਅਕਾਲੀ ।
ਪੀ ਪੀ ਕੇ ਇਸ ਨੂੰ, ਡੰਝ ਲਾਹੀ ਕਈਆਂ,
ਧੁੰਮਾਂ ਹਨ ਇਦ੍ਹੀਆਂ, ਜਗ ਅੰਦਰ ਪਈਆਂ ।
ਮਾਵਾਂ ਨੂੰ ਰੰਗਣਾਂ, ਜਦ ਇਸ ਦੀਆਂ ਚੜ੍ਹੀਆਂ,
ਗਲ ਹਾਰ ਪੁਆ ਲਏ, ਲਾਲਾਂ ਦੀਆਂ ਲੜੀਆਂ ।
ਪੀ ਇਸ ਨੂੰ ਸਿਦਕੀ, ਕਈ ਜੌਹਰ ਵਿਖਾ ਗਏ,
ਸ਼ਾਹ ਰਗ ਤੇ ਰੱਖ ਕੇ, ਫਟ ਤੇਗ਼ ਨੂੰ ਲਾ ਗਏ ।

ਇਸ ਭੂਤ 'ਭਰਮ' ਦੇ, ਪੈਰਾਂ ਤੋਂ ਉਖੇੜੇ,
ਇਸ 'ਛੂਤ' ਦੇ ਡੋਬੇ, ਭਰ ਭਰ ਕੇ ਬੇੜੇ ।
ਜੇ ਇਸ ਦੇ ਅੰਦਰ, ਗਰਮਾਈ ਆ ਗਈ,
ਤਾਂ ਰਣ ਦੇ ਅੰਦਰ, ਚੰਡੀ ਚਮਕਾਂ ਗਈ ।
ਜੇ ਠੰਡਕ ਹੋ ਕੇ, ਇਹ ਕਿਧਰੇ ਵੱਸਿਆ,
ਤਦ ਡਾਂਗ ਤੇ ਗੋਲੀ, ਇਹ ਖਾ ਖਾ ਹੱਸਿਆ ।
ਮੈਂ ਇਸ ਦੇ ਆਸ਼ਕ, ਰਣ ਲੜਦੇ ਵੇਖੇ,
ਇਸ ਦੇ ਪਰਵਾਨੇ, ਅੱਗ ਸੜਦੇ ਵੇਖੇ ।

ਇਹ ਜਿਸ ਜਿਸ ਪੀਤਾ, ਉਹ ਮੋਹਰਾ ਪੱਕਿਆ ।
ਉਹ ਮੌਤ ਨੂੰ ਮਾਰੇ, ਜਿਸ ਅੰਮ੍ਰਿਤ ਛੱਕਿਆ ।

www.AKJ.Org

# ਅਲੌਕਿਕ ਵੈਸਾਖੀ

[ ਵਲੋਂ—ਪ੍ਰਿੰਸੀਪਲ ਹਰਿਭਜਨ ਸਿੰਘ ਜੀ, ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ]

ਜੋ ਸਮਾਂ ਕਾਦਰ ਦੀ ਕੁਦਰਤ ਦੇ ਜ਼ਹੂਰ ਤੋਂ ਪਹਿਲਾਂ ਕੇਵਲ ਸ੍ਰੀ ਨਿਰੰਕਾਰ ਜੀ ਦੇ 'ਧੁੰਧੂਕਾਰਾ' ਵਿਚ ਅਫੁਰ ਸਮਾਇਆ ਹੋਇਆ ਸੀ, ਉਸ ਦਾ ਮੁੱਢ 'ਕਰਤਾਰ' ਜੀ ਦੇ ਉਦਕਰਖ ਕਰਨ ਨਾਲ ਵਿਸੁਏ, ਚਸਿਆਂ, ਪਲਾਂ, ਘੜੀਆਂ, ਪਹਿਰਾਂ, ਥਿਤਾਂ, ਵਾਰਾਂ, ਮਾਹਾਂ, ਵਰ੍ਹਿਆਂ ਤੇ ਸ਼ਤਾਬਦੀਆਂ ਦੀ ਸਮੇਂ-ਵੰਡ ਵਿਚ ਬੱਝ ਗਿਆ । ਸਮੇਂ ਦੀ ਇਸ ਤੋਰ ਦੇ ਮੋਢੀਆਂ—ਚੰਦ ਤੇ ਸੂਰਜ—ਦੀ ਚਾਲ ਨਾਲ ਦਿਨ ਦਿਹਾਰ ਤੇ ਤਿਉਹਾਰ ਜੋੜੇ ਤੇ ਮਨਾਏ ਜਾਣ ਲਗੇ। ਵੈਸਾਖੀ, ਵੈਸਾਖ ਦੇ ਮਹੀਨੇ ਦੀ ਸੰਕ੍ਰਾਂਤ ਅਥਵਾ ਇਸ ਦਾ ਪਹਿਲਾ ਦਿਨ ਹੈ । ਵੈਸਾਖ ਨਛੱਤਰ, ਜੋ ਸਤਾਈ ਨਛੱਤਰਾਂ ਵਿਚੋਂ ਸੋਲ੍ਹਵਾਂ ਨਛੱਤਰ ਹੈ, ਵਾਲੀ ਪੂਰਨਮਾਸ਼ੀ ਇਸ ਮਾਹ ਵਿਚ ਆਉਣ ਕਾਰਨ ਇਸ ਦੀ ਸੰਗਿਆ ਵੈਸਾਖ ਪੈ ਗਈ।

ਆਦਿ ਕਾਲ ਤੋਂ ਇਹ 'ਵੈਸਾਖ ਭਲਾ' ਹਰ ਸਾਲ ਨਿਯਤ ਸਮੇਂ ਆਉਂਦਾ ਰਿਹਾ ਹੈ ਅਤੇ ਬਨਾਸਪਤੀ ਪੱਤ-ਝੜ ਉਪਰੰਤ ਨਵੀਆਂ ਪੱਤੀਆਂ ਤੇ ਕਰੂੰਬਲਾਂ ਦੀ ਸ਼ਕਲ ਵਿਚ ਨਵਾਂ ਵੇਸ (ਰੂਪ) ਧਾਰਦੀ ਆਈ ਹੈ । ਕਾਲ ਦੇ ਅਰੁਕਵੇਂ ਵੇਗ ਦਾ ਇਹ ਸਿਲਸਿਲਾ ਜਦ ਤਕ 'ਕਰਤਾਰ' 'ਆਕਰਖ ਕਰ ਕੇ' ਸਭ ਕੁਝ ਆਪਣੇ ਆਪ ਵਿਚ ਸਮੇਟ ਨਹੀਂ ਲੈਂਦਾ, ਜਾਰੀ ਰਹੇਗਾ।

ਜਿਵੇਂ ਰੁੱਤਾਂ ਦੀ ਬਦਲੀ ਨਾਲ ਬਨਾਸਪਤੀ ਵਿਚ ਪਤ-ਝੜ ਆਉਣ ਦਾ ਨੇਮ ਹੈ, ਕੁਝ ਇਵੇਂ ਹੀ ਮਨੁੱਖਤਾ ਦੇ ਮਨ ਦੀਆਂ ਕਿਆਰੀਆਂ ਵਿਚ ਵੀ ਇਹ ਵੀਰਾਨਾ-ਪਨ ਆਉਂਦਾ ਹੀ ਰਿਹਾ ਹੈ । ਜਦ ਜਦ ਵੀ ਮਨੁੱਖ ਵਿਚ ਈਰਖਾ, ਦਵੈਖ, ਹਉਮੈ, ਸਵਾਰਥ, ਜਬਰ, ਤਅੱਦੀ ਤੇ ਹਿੰਸਕ ਰੁਚੀਆਂ ਵੱਧੀਆਂ ਤੇ ਮਨਾਂ ਦੇ ਸਦਗੁਣਾਂ ਦੀ ਰਮਣੀਕ ਫੁਲਵਾੜੀ ਔਗੁਣਾਂ ਦੇ ਉਦਿਆਨ ਵਿਚ ਬਦਲੀ ਤਾਂ ਮਨੁੱਖਤਾ ਦੀ ਬਹੁੜੀ ਕਰਨ ਲਈ ਕਰਤਾਰ ਕੌਤਕ-ਹਾਰ ਨੇ ਤਰੁੱਠ ਕੇ, ਕਿਸੇ ਨਿਵਾਜੀ-ਵਿਅੱਕਤੀ ਨੂੰ ਥਾਪੜਾ ਦੇ ਕੇ ਸੰਸਾਰ ਉਤੇ ਭੇਜਿਆ, ਜਿਸ ਨੇ ਪਿਆਰਾਂ ਤੇ ਉਪਕਾਰਾਂ ਦੀ ਛਹਿਬਰ ਲਾ ਕੇ ਤੇ ਆਪੇ ਦੀ ਸੋਝੀ ਦੁਆ ਕੇ ਇਸ ਫੁਲਵਾੜੀ ਵਿਚ ਖੇੜੇ ਲਿਆਂਦੇ; ਜੀਵਨ-ਮਨੋਰਥ ਦੀਆਂ ਪੱਧਰਾਂ,ਉਚਿਆਈਆਂ ਤੇ ਕਿਸੇ ਦਾ ਸੁਖ ਖੋਹ ਲੈਣ ਦੀ ਥਾਂ ਸੁਖ ਦੇਣ ਤੇ ਦਰਦ-ਵੰਡਾਉਣ ਵਿਚ 'ਘਣਾ ਅਨੰਦ' ਪ੍ਰਤੀਤ ਕਰਨ ਦਾ ਭੇਤ ਸਮਝਾਇਆ।

ਮਨੁੱਖ ਦੇ ਇਤਿਹਾਸ ਦੀ ਇਸ ਤੋਰ ਵਿਚ ਇਕ ਵੇਰ ਇਕ ਸਮਾਂ ਅਜਿਹਾ ਵੀ ਆਇਆ, ਜਦ ਇਸ ਦਾ ਜੀਵਨ ਏਥੋਂ ਤਕ ਨਿੱਘਰ ਗਿਆ ਕਿ ਰਾਜੇ ਜੋ ਪਰਜਾ ਦੇ ਰਾਖੇ ਸਨ, ਉਹ ਸ਼ੀਂਹ ਵਾਂਗ ਖ਼ੂੰਖ਼ਾਰ ਹੋ ਗਏ ਤੇ 'ਮੁਕੱਦਮ' ਕੁੱਤਿਆਂ ਵਾਂਗ ਲੋਭੀ । ਵਾੜ ਹੀ ਖੇਤ ਨੂੰ ਖਾਣ ਲਗੀ । ਪਰਜਾ ਗਿਆਨ-ਹੀਨ ਹੋ, ਦੂਜਿਆਂ ਦੇ ਹੱਕ ਉਤੇ ਛਾਪਾ ਮਾਰ 'ਮੁਰਦਾਰ' ਖਾਣ ਵਿਚ ਰੁੱਝ ਗਈ। ਸੱਚ ਦਾ ਕਾਲ ਪੈ ਗਿਆ, ਤੇ ਹਰ ਪਾਸੇ ਕੂੜ ਹੀ ਕੂੜ ਪਰਧਾਨ ਦਿਸ ਆਇਆ। ਨਿਆਂ-ਦਾਤੇ ਕਾਜ਼ੀ, ਵੱਢੀਆਂ ਲੈ ਕੇ ਹੱਕ-ਇਨਸਾਫ਼ ਦਾ ਖ਼ੂਨ ਕਰ ਕੇ ਸੱਚ ਦਾ ਗਲਾ ਘੁੱਟਣ ਲਗੇ। ਧਾਰਮਿਕ ਆਗੂ ਸੱਚ-ਧਰਮ ਦੀ ਇਕਾਈ ਨੂੰ ਸਮਝਣ-ਸਮਝਾਉਣ ਦੀ ਥਾਂ ਆਪਣੇ ਆਪਣੇ ਅਨੁਯਾਈਆਂ ਦੇ ਲਾਉ-ਲਸ਼ਕਰਾਂ ਸਮੇਤ ਖਹਿ ਖਹਿ ਮਰ ਰਹੇ ਸਨ। ਗੱਲ ਕੀ, ਲੋਭ-ਲਹਿਰ ਦੀ ਤਿੱਖੀ ਮਾਰ ਹੇਠ ਆਈ ਮਨੁੱਖ-ਮਨਾਂ ਦੀ ਫੁਲਵਾੜੀ ਦਾ ਕੋਟਾਂ ਵਿਚੋਂ ਕੋਈ ਵਿਰਲਾ ਬੂਟਾ ਹੀ ਹਰਿਆ ਭਰਿਆ ਦਿਸਦਾ ਸੀ। ਹਰ ਪਾਸੇ ਸਹਿਮ, ਤ੍ਰਿਸ਼ਨਾ, ਹਉਮੈ ਤੇ ਲੁਟ-ਖਸੁਟ ਦੇ ਕਾਰਨ ਸੰਸਾਰ ਵਿਚ ਇਕ ਅਜੀਬ ਕੁਹਰਾਮ ਮੱਚ ਗਿਆ ਸੀ।

ਆਖ਼ਰ ਮਨੁੱਖ ਦੀ ਪੀੜਤ ਆਤਮਾ ਦੀ ਪੁਕਾਰ ਪ੍ਰਭੂ ਪਿਤਾ ਦੇ ਦਰ ਪੁੱਜੀ। ਉਹ ਤਰੁੱਠਿਆ ਤੇ ਉਸ ਨੇ ਆਪਣੀ ਮੇਹਰ ਨੂੰ ਨਿਰੰਕਾਰੀ ਨਾਨਕ ਜੀ ਦੇ ਰੂਪ ਵਿਚ ਮੂਰਤੀਮਾਨ ਕੀਤਾ, ਜਿਨ੍ਹਾਂ ਨੇ ਕੂੜ ਦੀ ਪਾਲ (ਕੰਧ) ਨੂੰ ਤੋੜ ਕੇ, ਸਚਿਆਰੇ ਬਣਨ ਹਿਤ, ਰਜ਼ਾ ਵਾਲੇ ਪ੍ਰਭੂ ਦੇ ਹੁਕਮ ਵਿਚ ਚੱਲਣ ਦੀ ਵਿਧੀ ਸਮਝਾਈ । ਸੱਚੇ ਰੱਬ ਦੀ ਸੱਚੀ ਟਕਸਾਲ ਵਿਚ ਮਨੁੱਖ-ਚਲਣ ਨੂੰ ਘੜਨ ਹਿਤ ਇਕ ਨਹੀਂ, ਸਗੋਂ ਦਸ ਜਾਮੇ ਧਾਰੇ। ਨਿਰੰਕਾਰੀ ਬਾਬੇ ਦਾ



www.AKJ.Org

ਦਾਅਵਾ ਸੀ ਕਿ ਘਰ ਘਰ ਵਿਚ ਧਰਮਸਾਲ ਹੋਵੇਗੀ, ਓਥੇ ਹਰੀ-ਕੀਰਤਨ ਦੀ ਧੁੰਨ ਉੱਠੇਗੀ ਅਤੇ ਹਰ ਸਵੇਰ ਵਸੋਆ (ਵੈਸਾਖੀ, ਨੌ-ਰੋਜ਼,ਚਾਵਾਂ ਮਲ੍ਹਾਰਾਂ ਦਾ ਦਿਨ) ਹੋਵੇਗਾ ।

ਸਮਾਂ ਬੀਤਦਾ ਗਿਆ, ਵੈਸਾਖੀ ਆਉਂਦੀ ਤੇ ਜਾਂਦੀ ਰਹੀ। ਬਾਬੇ ਦੇ ਸਾਦਿਕ ਸਿਖਾਂ ਦੇ ਘਰ ਧਰਮਸਾਲਾਂ ਵਿਚ ਬਦਲ ਗਏ, ਹਰੀ-ਕੀਰਤਨ ਦੀਆਂ ਗੂੰਜਾਂ ਪੈਣ ਲਗੀਆਂ, ਗਰੀਬ ਦਾ ਮੂੰਹ ਗੁਰੂ ਕੀ ਗੋਲਕ ਸਮਝਿਆ ਜਾਣ ਲਗਾ ਅਤੇ ਨਾਮ ਜਪਣ, ਧਰਮ ਦੀ ਕਿਰਤ ਕਰਨ ਦੇ ਨਾਲ ਨਾਲ ਵੰਡ ਕੇ ਛਕਣ ਦੀ ਮਰਯਾਦਾ ਪਰਪੱਕ ਹੁੰਦੀ ਗਈ। ਹਰੇਕ ਘਰ ਦਾ ਲੰਗਰ, ਗੁਰੂ ਕੇ ਲੰਗਰ ਵਿਚ ਬਦਲ ਗਿਆ । ਪਰੰਤੂ ਅਜੇ ਉਹ ਅਨੋਖੀ ਵੈਸਾਖੀ ਆਉਣੀ ਸੀ ਜਿਸ ਦੀ ਆਮਦਂ ਦੀ ਤਿਆਰੀ ਵਿਚ ਇੰਨਾ ਕੁਝ ਕੀਤਾ ਅਤੇ ੨੩੦ ਸਾਲ ਦਾ ਇਹ ਲੰਮਾ ਸਮਾਂ ਲਾਇਆ ਜਾ ਰਿਹਾ ਸੀ।

ਆਖ਼ਰ ਮਨੁੱਖ ਦੇ ਸੁਭਾਗ ਨੂੰ ਉਹ ਸੁਭਾਗੀ ਵੈਸਾਖੀ ਆ ਗਈ, ਜਿਸ ਦਿਨ ਮਨੁੱਖ-ਆਚਰਨ ਦੇ ਓਸ ਮਹੱਲ ਦੀ ਸੰਪੂਰਨਤਾ ਹੋਣੀ ਸੀ ਜਿਸਦੀ ਬੁਨਿਆਦ, ਅਰਸ਼ੀ ਨਾਨਕ ਨੇ ਰਾਵੀ ਦੇ ਬੇਲਿਆਂ, ਸੁਮੇਰ ਪਰਬਤ ਦੀਆਂ ਬਿਖਮ ਘਾਟੀਆਂ, ਅਰਬ ਦੇ ਮਾਰੂ ਥਲਾਂ ਤੇ ਭਿਆਨਕ ਜੰਗਲਾਂ-ਬੀਆਬਾਨਾਂ ਵਿਚ ਧੁਰੋਂ-ਆਈ ਅਜਿਹੀ ਬਾਣੀ ਨੂੰ, ਕਿਸੇ ਵਜਦ ਵਿਚ ਇਉਂ ਗਾਂਦਿਆਂ ਗਾਂਦਿਆਂ ਰੱਖੀ ਸੀ —

(੧) ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ, ਅਵਰੁ ਨਾਹੀ ਥਾਉ ॥ [ਸਿਰੀ ਰਾਗ ਮ: ੧, ਪੰ: ੧੪

(੨) ਸਚਹੁ ਓਰੈ ਸਭ ਕੋ, ਉਪਰਿ ਸਚੁ ਆਚਾਰੁ ॥
[ਸਿਰੀ ਰਾਗ ਮ: ੧, ਪੰ: ੬੨

(੩) ਸੰਸਾਰੁ ਰੋਗੀ, ਨਾਮੁ ਦਾਰੂ,
ਮੈਲੁ ਲਾਗੈ ਸਚ ਬਿਨਾ ॥
[ਧਨਾਸਰੀ ਮ: ੧, ਪੰ: ੬੮੭

(੪) ਮਿਠਤੁ ਨੀਵੀ ਨਾਨਕਾ,
ਗੁਣ ਚੰਗਿਆਈਆ ਤਤੁ ॥
[ਸਲੋਕ ਮ: ੧, ਆਸਾ ਦੀ ਵਾਰ

(੫) ਹਕੁ ਪਰਾਇਆ ਨਾਨਕਾ,
ਉਸੁ ਸੂਅਰ ਉਸੁ ਗਾਇ ॥
[ਮਾਝ ਮ: ੧, ਪੰ: ੧੪੧

(੬) ਮਨਿ ਜੀਤੈ, ਜਗੁ ਜੀਤੁ ॥ [ਜਪੁਜੀ

ਨਿਰੰਕਾਰੀ ਬਾਬੇ ਦੀ 'ਓਹਾ' ਜੋਤ ਤੇ 'ਸਾਈ' ਜੁਗਤੀ ਵਿਚ ਵਿਚਰਨ ਵਾਲੇ ਸ੍ਰੀ ਦਸਮੇਸ਼ ਜੀ ਨੇ ਇਸ ਵਾਰੀ ਸੰਗਤਾਂ ਨੂੰ ਉਚੇਚੇ ਸੱਦੇ ਭੇਜੇ ਕਿ ਉਹ ਵੈਸ਼ਾਖੀ ਸਮੇਂ ਹੁਮ ਹੁਮਾ ਕੇ ਸ੍ਰੀ ਅਨੰਦਪੁਰ ਪੁੱਜਣ। ਸੋ, ਦੇਸ਼ ਭਰ 'ਚੋਂ ਹਜ਼ਾਰਾਂ ਗੁਰੂ ਕੇ ਸਿਖ ਲੰਮੇ ਪੈਂਡੇ ਝਾਗਦੇ, ਗੁਰੂ-ਦਰਸ਼ਨਾਂ ਲਈ ਪੁੱਜੇ। ਸ੍ਰੀ ਅਨੰਦਪੁਰ ਵਿਖੇ ਇਸ ਵਾਰੀ ਵਿਸ਼ੇਸ਼ ਉਤਸ਼ਾਹ ਤੇ ਰੌਣਕ ਸੀ।

ਆਖ਼ਰ ਸੰਮਤ ੧੭੫੬ ਦੀ ਵੈਸਾਖੀ ਦੇ ਪਾਵਨ ਦਿਨ ਦੀ ਉਹ ਘੜੀ ਆਈ ਜਦ ਮਾਨਵਤਾ ਦੀ ਜਿੱਤ ਦੀ ਜੈ-ਜੈ-ਕਾਰ ਹੋਣੀ ਸੀ; ਜਦ ਇਕ ਦੋ ਤਿੰਨ ਦੀਆਂ ਵੰਡਾਂ ਤੇ ਵਿਤਕਿਆਂ ਦੇ ਸਭ ਆਈਨ(ਵਿਧਾਨ)ਮਨਸੂਖ ਹੋਣੇ ਤੇ ਜੀਵਨ ਦੇ ਹਰ ਖੇਤਰ ਵਿਚ ਮਨੁੱਖੀ ਸਮਾਨਤਾ ਦਾ ਬੋਲ-ਬਾਲਾ ਹੋਣਾ ਸੀ;ਜਦ'ਏਕੁ ਪਿਤਾ ਏਕਸੁ ਕੇ ਹਮ ਬਾਰਿਕ' ਦੇ ਹੱਕੀ ਨਾਅਰੇ ਦਾ ਇਕ ਅਜਬ ਢੰਗ ਨਾਲ ਪ੍ਰਗਟਾਵਾ ਕੀਤਾ ਜਾਣਾ ਸੀ; ਜਦ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਉਹ ਨਾਟਕ ਖੇਡਿਆ ਜਾਣਾ ਸੀ ਜਿਸ ਨੂੰ ਇਨਸਾਨ ਰਹਿੰਦੀ ਦੁਨੀਆ ਤਕ ਨਾ ਭੁੱਲੇ; ਜਦ ਪੂਰਨ ਮਨੁੱਖ ਖ਼ਾਲਸੇ ਨੇ ਜ਼ਹੂਰ ਵਿਚ ਆਉਣਾ, ਗੁਰੂ ਨੇ ਚੇਲਿਆਂ ਤੋਂ ਦੀਖਸ਼ਤ ਹੋਣਾ ਤੇ ਭਗਤੀ ਤੇ ਸ਼ਕਤੀ ਦਾ ਸੁਮੇਲ ਹੋਣਾ ਸੀ। ਇਨ੍ਹਾਂ ਦੈਵੀ ਕੀਮਤਾਂ ਤੋਂ ਬਿਨਾਂ ਜੀਵਨ ਥੋਥਾ, ਅਧੂਰਾ ਤੇ ਉਲਾਰ ਵਾਲਾ ਸੀ।

ਵੇਖੋ, ਹੁਣ ਇਸ ਅਦੁੱਤੀ ਨਾਟਕ ਖੇਡਣਹਾਰ— ਕਲਗੀਆਂ ਤੇ ਚਿੱਟਿਆਂ ਬਾਜ਼ਾਂ ਵਾਲੇ ਗੁਰਦੇਵ — ੧੧ ਮਹੀਨੇ, ੧੧ ਦਿਨ ਤੇ ੧੧ ਘੜੀਆਂ,ਏਕਾਂਤ, ਡੂੰਘੀ ਵਿਚਾਰ ਤੇ ਵੈਰਾਗਮਈ ਅਵਸਥਾ ਵਿਚ ਰਹਿਣ ਉਪਰੰਤ ਨੰਗੀ ਸ੍ਰੀ ਸਾਹਿਬ ਹੱਥ ਵਿਚ ਫੜੀ, ਕਿਸ ਜਾਹੋ-ਜਲਾਲ ਵਿਚ ਦੀਵਾਨ ਵਿਚ ਆਏ ਤੇ ਕਿਵੇਂ ਬੀਰ-ਰਸੀ ਕੜਕਵੀਂ ਆਵਾਜ਼ ਵਿਚ ਸਿਖਾਂ ਤੋਂ ਸਿਰਾਂ ਦੀ ਮੰਗ ਕੀਤੀ ਹੈ, ਅਤੇ ਉਹ ਵੀ ਬਿਨਾਂ ਕੋਈ ਕਾਰਨ ਦੱਸੇ । ਸਾਰੇ ਸੱਨਾਟਾ ਛਾ ਗਿਆ । ਸੰਗਤਾਂ ਹੱਕੀਆਂ ਬੱਕੀਆਂ ਰਹਿ ਗਈਆਂ ਤੇ



www.AKJ.Org

ਸੋਚਿਆ ਕਿ ਪਹਿਲੇ ਸਤਿਗੁਰਾਂ ਨੇ ਤਾਂ ਕਦੀ ਅਜਿਹਾ ਪਰਚਾ ਨਹੀਂ ਪਾਇਆ ਸੀ। ਜਿਹੜੇ ਸਿਖ ਜਿਤਨੇ ਦਿਮਾਗ਼ੀ ਤੌਰ ਉਤੇ ਵਧੇਰੇ ਸਿਆਣੇ ਸਨ ਉਹ ਉਤਨੇ ਹੀ ਵਧੇਰੇ ਘਬਰਾਏ। ਸ੍ਰੀ ਗੁਰੂ ਜੀ ਨੇ ਵਧੇਰੇ ਜਲਾਲ ਵਿਚ ਆ ਕੇ ਫਿਰ ਸਿਰ ਦੀ ਮੰਗ ਦੁਹਰਾਈ । ਆਖ਼ਰ ਲਾਹੌਰ ਦੇ ਭਾਈ ਦਯਾ ਰਾਮ ਜੀ ਖੱਤਰੀ ਨੇ ਗਲ ਵਿਚ ਪੱਲਾ ਪਾ ਕੇ ਜੋਦੜੀ ਕੀਤੀ, 'ਦਾਤਾ ਇਹ ਸਿਰ ਤੇਰਾ ਹੈ, ਜਿਸ ਲੇਖੇ ਚਾਹੋ ਲਾਵੋ ਤੇ ਸਫਲ ਕਰੋ ।' ਗੁਰਦੇਵ ਉਸ ਨੂੰ ਨਾਲ ਹੀ ਠੇਰੀ ਉਤੇ ਲਗੇ ਤੰਬੂ ਵਿਚ ਲੈ ਗਏ ਤੇ ਫੇਰ ਲਹੂ-ਭਿੱਜੀ ਤਲਵਾਰ ਹਥ-ਲਈ ਆ ਕੜਕੇ ਕਿ ਇਕ ਹੋਰ ਸਿਰ ਦੀ ਲੋੜ ਹੈ। ਕਈਆਂ ਦਾ ਖਿਆਲ ਸੀ, ਕਿ ਸ਼ਾਇਦ ਸਤਿਗੁਰੂ ਜੀ ਦਾ ਭਾਵ ਸੱਚੀਂ-ਮੁੱਚੀਂ ਸਿਰ ਲੈਣ ਤੋਂ ਨਾ ਹੋਵੇ, ਪਰ ਲਹੂ ਨਾਲ ਭਿੱਜੀ ਤਲਵਾਰ ਨੇ ਰਹਿੰਦਾ-ਖੂੰਹਦਾ ਸੰਸਾ ਵੀ ਕੱਢ ਦਿਤਾ। ਪਰੰਤੂ ਸਤਿਗੁਰਾਂ ਦੀ ਇਸ ਦੂਜੀ ਲਲਕਾਰ ਦੇ ਉੱਤਰ ਵਿਚ ਭਾ: ਧਰਮ ਚੰਦ (ਜੱਟ), ਤੀਜੀ ਦੇ ਭਾਈ ਹਿੰਮਤ ਰਾਇ (ਕਹਾਰ), ਚੌਥੀ ਦੇ ਭਾਈ ਮੁਹਕਮ ਚੰਦ (ਛੀਂਬੇ) ਅਤੇ ਪੰਜਵੀਂ ਦੇ ਭਾਈ ਸਾਹਿਬ ਚੰਦ ਜੀ (ਨਾਈ) ਨਿੱਤਰੇ ਤੇ ਸਿਰਾਂ ਨੂੰ ਸਤਿਗੁਰੂ ਜੀ ਦੇ ਹਵਾਲੇ ਕੀਤਾ। ਸਤਿਗੁਰੂ ਜੀ ਦੇ ਹਰ ਵਾਰ ਲਹੂ-ਭਿੱਜੀ ਤਲਵਾਰ ਲੈ ਕੇ ਦੀਵਾਨ ਵਿਚ ਆਉਣ ਨੇ, ਪ੍ਰੀਖਿਆ ਦੇ ਇਸ ਪਰਚੇ ਨੂੰ ਹਰ ਵਾਰੀ ਵਧੇਰੇ ਬਿਖਮ ਤੇ ਭਿਆਨਕ ਬਣਾ ਦਿਤਾ ਸੀ । ਸੋ, ਹੁਣ ਤਕ ਦਿਲ ਹਾਰ ਜਾਣ ਵਾਲੇ ਸਿਦਕਹੀਨਾਂ ਦੇ ਦੀਵਾਨ ਵਿਚੋਂ ਖਿਸਕਣ ਦੇ ਕਾਰਨ ਦੀਵਾਨ ਦੀ ਹਾਜ਼ਰੀ ਪਹਿਲੇ ਨਾਲੋਂ ਹੌਲੀ ਪੈ ਚੁਕੀ ਸੀ।

ਐਤਕੀਂ ਗੁਰਦੇਵ, ਪਹਿਲੇ ਵਾਂਗ ਸ਼ੀਘਰ ਹੀ ਹੋਰ ਸਿਰ ਮੰਗਣ ਲਈ ਦੀਵਾਨ ਵਿਚ ਨਾ ਪਰਤੇ, ਸਗੋਂ ਕੁਝ ਸਮੇਂ ਉਪਰੰਤ ਜਦ ਪਧਾਰੇ ਤਾਂ ਸੋਹਣੇ ਬਸਤਰਾਂ ਸ਼ਸਤਰਾਂ ਨਾਲ ਸਜੇ ਉਹ ਪੰਜ ਸਿਖ ਵੀ ਨਾਲ ਹੀ ਸਨ, ਜਿਨ੍ਹਾਂ ਨੇ ਬਿਨਾਂ ਕਿੰਤੂ ਕੀਤੇ ਜਾਂ ਇਹ ਪੁਛੇ ਦੇ ਕਿ ਇਹ ਸਿਰ ਕਿਉਂ ਤੇ ਕਾਹਦੇ ਲਈ ਚਾਹੀਦੇ ਹਨ,ਸੀਸ ਭੇਟ ਕੀਤੇ ਸਨ ਤੇ ਆਪਾ ਵਾਰਿਆ ਸੀ।ਇਹ ਅਲੌਕਿਕ ਦ੍ਰਿਸ਼ ਦੇਖ,ਸਭ ਨੂੰ ਹੈਰਾਨੀ ਹੋਈ ਤੇ ਪਛਤਾਵਾ ਵੀ, ਜੁ ਉਹ ਸਤਿਗੁਰੂ ਨੂੰ ਸਿਰ ਭੇਟ ਕਰਨ ਵਿਚ ਕਿਉਂ ਪਿੱਛੇ ਰਹਿ ਗਏ । ਘਬਰਾ ਕੇ, ਡਰਦੇ ਮਾਰੇ ਨੱਸੇ ਲੋਕ ਵੀ, ਜਿਵੇਂ ਜਿਵੇਂ ਇਹ ਨਵੀਂ ਖ਼ਬਰ ਸੁਣੀ, ਦੀਵਾਨ ਵਿਚ ਪਰਤ ਆਏ।

ਸਤਿਗੁਰੂ ਜੀ ਨੇ ਸਭ ਨੂੰ ਦਿਲਾਸਾ ਦਿਤਾ । ਖੰਡਾ, ਬਾਟਾ ਆਦਿ ਮੰਗਵਾਇਆ ਤੇ ਪੰਜਾਂ ਬਾਣੀਆਂ — ਸ੍ਰੀ ਜਪੁਜੀ ਸਾਹਿਬ, ਜਾਪ ਸਾਹਿਬ, ਸੁਧਾ ਸਵੱਯੇ, ਚੌਪਈ ਤੇ ਸ੍ਰੀ ਅਨੰਦ ਸਾਹਿਬ ਦਾ ਪਾਠ ਕਰਦਿਆਂ ਵਿਧੀ ਸੰਯੁਕਤ ਅੰਮ੍ਰਿਤ ਤਿਆਰ ਕੀਤਾ, ਪੰਜਾਂ ਪਰਵਾਨ-ਹੋਇਆਂ ਨੂੰ ਛਕਾਇਆ ਤੇ ਹਰੇਕ ਦੇ ਨਾਮ ਪਿਛੇ ਸਿੰਘ ਪਦ ਲਾਉਣ ਉਪਰੰਤ ਕੁਝ ਇਸ ਭਾਵ ਦੇ ਸ਼ਬਦਾਂ ਨਾਲ ਉਨ੍ਹਾਂ ਨੂੰ ਸੰਬੋਧਨ ਕੀਤਾ —

"ਅਜ ਤੋਂ ਤੁਹਾਡਾ ਗੁਰੂ ਘਰ ਵਿਚ ਨਵਾਂ ਜਨਮ ਹੋਇਆ ਹੈ। ਪਿਛਲੀਆਂ ਜਾਤਾਂ, ਗੋਤਾਂ, ਆਦਿ ਦੇ ਸਭ ਵਿਤਕਰੇ ਖ਼ਤਮ ਹੋਏ ਹਨ। ਅਜ ਤੋਂ ਤੁਸੀਂ 'ਵਾਹਿਗੁਰੂ ਜੀ ਕਾ ਖ਼ਾਲਸਾ' ਮੇਰੇ ਪਿਆਰੇ ਤੇ ਭਾਈ ਭਾਈ ਹੋ। ਸਦਾ ਕੇਵਲ ਇਕ ਅਕਾਲ ਦੀ ਟੇਕ ਰਖਣੀ ਤੇ ਉਸੇ ਦੀ ਜਾਗਦੀ ਜੋਤਿ ਨੂੰ ਜਪਣਾ; ਕਿਸੇ ਦੇਵੀ ਦੇਵਤੇ, ਗੋਰ, ਮੜ੍ਹੀ, ਮਠ ਆਦਿ ਨੂੰ ਭੁਲ ਕੇ ਵੀ ਨਹੀਂ ਮੰਨਣਾ । ਹੁਣ ਤੋਂ ਤੁਸੀਂ ਮੇਰਾ 'ਖ਼ਾਸ ਰੂਪ ਖ਼ਾਲਸਾ ਹੋ ।' ਮੇਰੀ ਰਹਿਣੀ, ਮੇਰੀ ਕਰਨੀ, ਤੁਹਾਡੀ ਕਰਨੀ ਤੇ ਰਹਿਣੀ ਹੋਵੇਗੀ । ਗੁਰੂ ਸਦਾ ਅੰਗ ਸੰਗ ਹੋਵੇਗਾ, ਇਤਿ ਆਦਿ।"

ਪ੍ਰੇਮ ਦੇ ਇਸ 'ਉਲਟੇ ਖੇਲ' ਵਿਚ ਇਕ ਹੋਰ ਅਤਿ ਬਚਿੱਤਰ ਝਾਕੀ ਓਦੋਂ ਵਾਪਰੀ ਜਦ ਅੰਮ੍ਰਿਤ ਦਾਤਾ, ਸ੍ਰੀ ਦਸਮੇਸ਼ ਜੀ ਨੇ, ਗੋਡਿਆਂ ਪਰਨੇ ਹੋ, ਇਨ੍ਹਾਂ ਗੁਰੂ-ਰੂਪ ਹੋ ਚੁਕੇ ਪੰਜਾਂ ਪਿਆਰਿਆਂ ਅਗੇ ਹੱਥ ਜੋੜ ਜਾਚਨਾ ਕੀਤੀ ਕਿ ਹੁਣ ਇਹ ਅੰਮ੍ਰਿਤ ਦੀ ਦਾਤ ਉਨ੍ਹਾਂ ਨੂੰ ਵੀ ਬਖ਼ਸ਼ੀ ਜਾਵੇ। ਸਤਿਗੁਰਾਂ ਦੇ ਇਸ ਕਰਤੱਵ ਨੇ ਸਭ ਨੇਤਰ ਸਜਲ ਕਰ ਦਿਤੇ । ਸਭ ਪ੍ਰੇਮ-ਮੁਗਧ ਹੋ ਗੁਰਦੇਵ ਦੇ ਚਰਨ-ਕੰਵਲਾਂ ਤੋਂ ਵਾਰਨੇ ਜਾਣ ਲਗੇ । ਕੌਣ ਬਿਆਨ ਕਰੇ ਅਦੁੱਤੀ ਸਤਿਗੁਰੂ ਜੀ ਦੇ ਇਸ ਕਮਾਲ ਅਤੇ 'ਆਪੇ ਗੁਰ ਚੇਲਾ' ਹੋਣ ਦੇ ਲਾਸਾਨੀ ਫ਼ਲਸਫ਼ੇ ਤੇ ਪ੍ਰੇਮ-ਗੀਤ ਨੂੰ। ਭਾਈ ਨੰਦ ਲਾਲ ਜੀ ਨੇ ਸ਼ਾਇਦ ਕੁਝ ਅਜਿਹੇ ਦ੍ਰਿਸ਼ਾਂ ਤੋਂ ਹੀ ਪ੍ਰਭਾਵਤ ਹੋ, ਇਹ ਸ਼ੇਅਰ ਰਚੇ ਸਨ :—



www.AKJ.Org

(ੳ) ਤਾਲਬੋ ਮਤਲੂਬ ਗੁਰ ਗੋਬਿੰਦ ਸਿੰਘ।[1]
(ਅ) ਸਾਜਦੇ ਮਸਜੂਦ ਗੁਰ ਗੋਬਿੰਦ ਸਿੰਘ।[2]
(ੲ) ਦਿਲਿ ਆਸ਼ਕ ਬਅੰਦਕ
ਫ਼ੁਰਸਤੇ ਮਾਸ਼ੂਕ ਮੇ ਗਰਦਦ।[3]
ਸਰਾ ਪਾ ਜਾਂ ਸ਼ਾਵਦ ਹਰ ਕਸ
ਕਿ ਬਾ ਜਾਨਾਨਾ ਮੇ ਸਾਜ਼ਦ। ਗ਼ਜ਼ਲ ੨੧
(ਸ) ਆਸ਼ੁਫ਼ਤਾਇ ਆਨੇਮ ਕਿ ਆਸ਼ੁਫ਼ਤਾਇ ਮਾਸਤ।[4]
ਮਾ ਸ਼ਾਹ ਨ ਦਾਨੇਮ, ਗਦਾ ਰਾ ਨਾ ਸ਼ਨਾਸੇਮ।
[ਗ਼ਜ਼ਲ ੫੮

ਇਸ ਤਰ੍ਹਾਂ ਸ੍ਰੀ ਅਨੰਦਪੁਰ ਦੀ ਪਾਵਨ ਧਰਤੀ ਉਤੇ ੧੭੫੬ ਦੀ ਵੈਸਾਖੀ ਦੇ ਦਿਨ ਮਨੁੱਖ ਦੇ ਇਤਿਹਾਸ ਵਿਚ ਉਹ ਇਨਕਲਾਬ ਆਇਆ ਜੋ ਸੂਰਜ ਦੀ ਅੱਖ ਨੇ ਨਾ ਕਦੀ ਪਹਿਲੇ ਵੇਖਿਆ ਸੀ ਅਤੇ ਨਾ ਹੀ ਸ਼ਾਇਦ ਕਦੇ ਫੇਰ ਵੇਖੇ। ਪ੍ਰੇਮ ਦੀ ਇਸ ਅਲੌਕਿਕ ਖੇਡ ਦਾ ਭੇਤ ਓਦੋਂ ਖੁਲ੍ਹਿਆ ਜਦ ਗੁਰੂ ਜੀ ਦੇ ਇਕ ਇਕ ਸਿੰਘ ਨੇ ਸਵਾ ਸਵਾ ਲੱਖ ਨਾਲ ਟਾਕਰਾ ਕੀਤਾ। ਚਮਕੌਰ ਦੀ ਕੱਚੀ ਗੜ੍ਹੀ ਵਿਚ ਚਾਲ੍ਹੀ ਭੁੱਖੇ ਭਾਣੇ ਸਿੰਘਾਂ ਨੇ ਦਸ ਦਸ ਲਖ ਨਾਲ ਸਫਲ ਜੁਧ ਕੀਤਾ।[5] ਸ੍ਰੀ ਕਲਗੀਧਰ ਜੀ ਦੀ ਇਸ ਅਵਸਰ ਉੱਤੇ ਕੀਤੀ ਕਰਾਮਾਤ ਓਦੋਂ ਪ੍ਰਚੰਡ ਹੋ ਚਮਕੀ ਜਦ ਸਿੰਘਾਂ ਤੇ ਸਿੰਘਣੀਆਂ ਨੇ ਖੋਪਰੀਆਂ ਲੁਹਾ ਲਈਆਂ, ਤਨਾਂ ਨੂੰ ਆਰਿਆਂ ਨਾਲ ਚਿਰਵਾ ਲਿਆ, ਬੰਦ ਬੰਦ ਕਟਵਾ ਲਏ, ਚਰਖੜੀਆਂ ਉਤੇ ਤੂੰਬਾ ਤੂੰਬਾ ਉਡਣਾ ਪਰਵਾਨ ਕਰ ਲਿਆ, ਬੱਚਿਆਂ ਨੂੰ ਟੁਕੜੇ ਕਰਵਾ ਕੇ ਝੋਲੀਆਂ ਵਿਚ ਪੁਆਇਆ, ਪੂਰਾਂ ਦੇ ਪੂਰ ਪਰਵਾਨਿਆਂ ਨੇ ਖਿੜੇ ਮਥੇ ਸ਼ਹਾਦਤ ਦੇ ਜਾਮ ਪੀਤੇ, ਪਰੰਤੂ ੧੭੫੬ ਦੀ ਇਤਿਹਾਸਕ ਵੈਸਾਖੀ ਵਾਲੇ ਪਾਵਨ ਦਿਵਸ ਪ੍ਰਾਪਤ ਕੀਤੇ ਸਿਖੀ ਸਿਦਕ ਨੂੰ ਕੇਸਾਂ ਸਵਾਸਾਂ ਨਾਲ ਨਿਭਾਇਆ। ਸਾਰੇ ਸਿਖ-ਇਤਿਹਾਸ ਵਿਚ ਇਕ ਵੀ ਘਟਨਾ ਅਜਿਹੀ ਨਹੀਂ ਮਿਲਦੀ ਜਦ ਗੁਰੂ ਦੇ ਸਿੰਘ ਦਾ ਸਿਦਕ ਡੋਲਿਆ ਹੋਵੇ।

ਸਿਖੀ ਦੇ ਬ੍ਰਿਛ ਨੂੰ ਸਿਦਕ ਦੇ ਲਗੇ ਫਲ ਦੇ ਸਿਖਰ ਦਾ ਇਕ ਅਲੌਕਿਕ ਦ੍ਰਿਸ਼ ਓਦੋਂ ਨਜ਼ਰੀਂ ਆਉਂਦਾ ਤੇ ਅੱਖਾਂ ਨੂੰ ਚੁੰਧਿਆਉਂਦਾ ਹੈ ਜਦ ਬਾਬਾ ਬੰਦਾ ਬਹਾਦਰ ਜੀ ਨਾਲ ਗ੍ਰਿਫ਼ਤਾਰ ਕੀਤੇ ਗਏ ਸਤ ਸੌ ਤੋਂ ਵਧੀਕ ਸਿੰਘਾਂ ਦੇ ਸੌ ਸੌ ਦੇ ਜਥੇ ਨੂੰ ਦਿਲੀ ਵਿਖੇ ਰੋਜ਼ ਕਤਲ ਕੀਤਾ ਜਾਂਦਾ ਸੀ। ਜਦ ਕਾਜ਼ੀ ਹਰੇਕ ਸਿੰਘ ਨੂੰ ਇਸਲਾਮ ਜਾਂ ਮੌਤ 'ਚੋਂ ਇਕ ਚੁਣਨ ਦੀ ਪੇਸ਼ਕਸ਼ ਕਰਦਾ ਤਾਂ ਕੀ ਮਜਾਲ ਜੋ ਤਸੀਹਾਂ ਨਾਲ ਵਾਲ ਵਾਲ ਵਿੰਨ੍ਹੇ, ਕਿਸੇ ਇਕ ਵੀ ਸਿੰਘ ਦੇ ਸਿਦਕ ਵਿਚ ਕਿਸੇ ਪਰਕਾਰ ਦੀ ਲਰਜ਼ਸ਼ (ਕਮਜ਼ੋਰੀ) ਆਈ ਹੋਵੇ। ਇਸ ਬਾਰੇ ਇਤਿਹਾਸਕਾਰ ਖ਼ਾਫ਼ੀ ਖ਼ਾਨ ਦੀ ਗਵਾਹੀ ਨੇ ਤਾਂ 'ਸਿਖੀ ਸਿਦਕ' ਨੂੰ-ਉਹ ਉਜਾਗਰ ਕੀਤਾ ਹੈ ਕਿ ਵਰਤਮਾਨ ਜੁਗ ਦੇ ਸਿਖ ਗਭਰੂਆਂ ਦੀ ਸਿਖ ਰਹਿਤ ਮਰਯਾਦਾ ਵਿਚ ਪਰਪੱਕ ਨਾ ਰਹਿਣ ਦੀ ਅਰੁੱਚੀ ਨਾ-ਕੇਵਲ ਲੱਜਾ ਦਾ ਹੀ ਕਾਰਨ ਹੈ, ਸਗੋਂ ਨਾ-ਖਿਮਾ ਕੀਤੀ ਜਾਣ ਵਾਲੀ ਅਵੱਗਿਆ ਤੇ ਸਿਖਾਂ ਜਿਹੀ ਸਿਰਮੌਰ ਕੌਮ ਉਤੇ ਇਕ ਬਦ-ਨੁਮਾ ਧੱਬਾ ਵੀ। ਉਹ ਲਿਖਦਾ ਹੈ ਕਿ ਬਾਬਾ ਬੰਦਾ ਬਹਾਦਰ ਜੀ ਨਾਲ ਜੋ ਸਿੱਖ ਗ੍ਰਿਫ਼ਤਾਰ ਕੀਤੇ ਗਏ ਉਨ੍ਹਾਂ ਵਿਚ ਛੋਟੀ ਉਮਰ ਦਾ ਇਕ ਬੱਚਾ ਵੀ ਸੀ। ਇਸ ਬੱਚੇ ਦੀ ਬੁੱਢੀ ਮਾਂ ਨੇ ਕਿਸੇ ਤਰ੍ਹਾਂ ਦਿੱਲੀ ਪੁੱਜ ਕੇ ਤੇ ਇਹ ਕਹਿ ਕੇ

---

੧. ਗੁਰਦੇਵ ਆਪ ਚਾਹੁਣ ਵਾਲੇ ਵੀ ਹਨ ਤੇ ਆਪੇ ਚਾਹੇ ਜਾਣ ਵਾਲੇ ਵੀ।

੨. ਆਪ ਸਿਜਦਾ ਕਰਨ ਵਾਲੇ ਅਤੇ ਸਭ ਤੋਂ ਸਿਜਦਾ ਲੈਣ ਵਾਲੇ ਹਨ।

੩. ਆਸ਼ਿਕ (ਪ੍ਰੇਮੀ) ਦਾ ਦਿਲ ਥੋੜੇ ਸਮੇਂ ਬਾਅਦ ਮਾਸ਼ੂਕ ਹੋ ਜਾਂਦਾ ਹੈ। ਜਿਹੜੇ ਪਿਆਰੇ ਨਾਲ ਪ੍ਰੇਮ ਕਰਦੇ ਹਨ ਉਹ ਸਿਰ ਤੋਂ ਪੈਰਾਂ ਤਕ ਉਸੇ ਦਾ ਰੂਪ ਹੋ ਜਾਂਦੇ ਹਨ।

੪. ਅਸੀਂ ਓਹਦੇ ਮਤਵਾਲੇ ਹਾਂ ਜੋ ਸਾਡੇ ਲਈ ਪਰੇਸ਼ਾਨ (ਮਤਵਾਲਾ) ਹੈ। ਪ੍ਰੇਮ ਦੀ ਇਸ ਖੇਡ ਵਿਚ ਨਾ ਕਿਸੇ ਨੂੰ ਬਾਦਸ਼ਾਹ ਜਾਣਦੇ ਹਾਂ, ਨਾ ਹੀ ਮੰਗਤਾ। (ਦੋਹੀਂ ਪਾਸੀਂ ਪ੍ਰੇਮ ਦੀ ਇਕੋ ਜਿਹੀ ਖਿਚ ਤੇ ਅਗਨੀ ਪ੍ਰਜਵੱਲਤ ਹੈ)।

੫. ਗੁਸਨਾ ਚਿ ਕਾਰੇ ਕੁਨਦ ਚਹਲ ਨਰ। ਕਿ ਬਰ ਓ ਬਰ ਆਇਦ ਦਹ ਲਕ ਬੇਖ਼ਬਰ॥
[ਜ਼ਫ਼ਰਨਾਮਾ



www.AKJ.Org

ਕਿ ਉਸ ਦਾ ਨਾਬਾਲਗ ਬੱਚਾ ਸਿਖ ਨਹੀਂ, ਜਿਵੇਂ ਕਿਵੇਂ ਉਸ ਦੀ ਰਿਹਾਈ ਦਾ ਸ਼ਾਹੀ ਪਰਵਾਨਾ ਹਾਸਲ ਕਰ ਲਿਆ। ਜਿਸ ਦਿਨ ਤੇ ਜਿਸ ਸਮੇਂ ਉਹ ਬੀਰ ਬੱਚਾ ਕਤਲ ਹੋਣ ਲਈ ਅਗੇ ਵਧਿਆ, ਉਸ ਦੀ ਮਾਤਾ ਭੀੜ ਨੂੰ ਚੀਰਦੀ ਅਗੇ ਆਈ ਤੇ ਸਬੰਧਤ ਅਧਿਕਾਰੀ ਨੂੰ ਉਸ ਦੀ ਰਿਹਾਈ ਲਈ ਪ੍ਰਾਪਤ ਕੀਤਾ ਪਰਵਾਨਾ ਇਹ ਆਖ ਕੇ ਪੇਸ਼ ਕੀਤਾ ਕਿ ਉਸ ਦਾ ਬੱਚਾ ਸਿਖ ਨਹੀਂ, ਐਵੇਂ ਗ਼ਲਤੀ ਨਾਲ ਸਿਖਾਂ ਵਿਚ ਫੜਿਆ ਗਿਆ ਹੈ। ਮਮਤਾ ਦੀ ਮਾਰੀ ਮਾਤਾ ਦੀ ਇਸ ਲਿਲਕੜੀ ਉਤੇ ਜਦ ਮੁਫ਼ਤੀ ਨੇ ਉਸ ਬੱਚੇ ਦੀ ਰਿਹਾਈ ਦਾ ਹੁਕਮ ਦੇ ਦਿਤਾ ਤਾਂ ਸ੍ਰੀ ਕਲਗੀਧਰ ਦੀ ਸਿਖੀ ਤੇ ਸਿਦਕ ਨੂੰ ਰਹਿੰਦੀ ਦੁਨੀਆ ਤਕ ਚਾਰ ਚੰਦ ਲਾਉਣ ਵਾਲਾ ਉਹ ਬਹਾਦਰ ਬੱਚਾ ਅਗੋਂ ਬੜੇ ਰੋਹ ਤੇ ਜਲਾਲ ਵਿਚ ਪੁਕਾਰ ਉਠਿਆ :—

> 'ਮਾਦਰਮ ਦਰੋਗ ਮੇ ਗੋਇੰਦ। ਮਨ ਬਦਿੱਲੋ ਜਾਨ ਅਜ਼ ਮੋਅਤਕਿਦਾਂ ਵ ਫ਼ਿਦਾਇਆਨੇ ਜਾਂ ਨਿਸਾਰਿ ਮੁਰਸ਼ਦਿ ਖ਼ੁਦਮ। ਮਰਾ ਜ਼ੂਦ ਬਾ ਰਫ਼ੀਕਾਨਿ ਮਨ ਰਸਾਨੇਦ। [ਖ਼ਾਫ਼ੀ ਖ਼ਾਨ]

[ਭਾਵ ਅਰਥ—ਮੇਰੀ ਮਾਂ ਝੂਠ ਬੋਲਦੀ ਹੈ (ਕਿ ਮੈਂ ਸਿਖ ਨਹੀਂ ਹਾਂ)। ਮੈਂ (ਸ੍ਰੀ ਗੁਰੂ ਗੋਬਿੰਦ ਸਿੰਘ ਉਤੇ) ਈਮਾਨ ਰਖਣ ਵਾਲਿਆਂ ਅਤੇ ਆਪਣੇ ਮੁਰਸ਼ਦ (ਗੁਰੂ) ਤੋਂ ਜਿੰਦ ਵਾਰਨ ਵਾਲਿਆਂ ਵਿਚੋਂ ਹੀ ਇਕ ਹਾਂ। (ਇਸ ਲਈ) ਮੈਨੂੰ ਛੇਤੀ ਮੇਰੇ (ਸ਼ਹੀਦ ਹੋ ਚੁਕੇ) ਸਾਥੀਆਂ ਪਾਸ ਪਹੁੰਚਾਵੋ।]

ਕਿਉਂ ਜੀ! ਕੀ ਇਹ ਸਿਖੀ ਸਿਦਕ ਤੇ ਸਤਿਗੁਰਾਂ ਲਈ ਪ੍ਰੀਤ ਤੇ ਪ੍ਰਤੀਤ ੧੭੫੬ ਦੀ ਵੈਸਾਖੀ ਵਾਲੇ ਦਿਨ ਬਖ਼ਸ਼ੇ ਅੰਮ੍ਰਿਤ ਦੀ ਅਦੁੱਤੀ ਕਰਾਮਾਤ ਨਹੀਂ? ਕੀ ਜੇ 'ਗੁਰੂ ਕੇ ਸਿੰਘਾਂ' ਨੂੰ ਆਪਣੇ ਅੰਮ੍ਰਿਤ-ਦਾਤੇ ਸਤਿਗੁਰੂ ਉਤੇ ਨਾਜ਼ ਹੈ ਤਾਂ ਸ੍ਰੀ ਸਤਿਗੁਰੂ ਨੂੰ ਆਪਣੇ ਅਜਿਹੇ ਦੂਲੇ, ਸ਼ਹੀਦ ਸਿੰਘਾਂ ਉਤੇ ਘਟ ਮਾਣ ਹੈ? ਗੁਰੂ ਤੇ ਸਿਖ ਦੀ ਇਸ ਦੁਵੱਲੀ ਸਮਾਨ ਪ੍ਰੀਤ-ਖਿੱਚ ਨੂੰ ਵੇਖ ਕੇ ਭਾਈ ਗੁਰਦਾਸ ਜੀ (ਦੂਜੇ) ਬੇਸਾਖ਼ਤਾ ਪੁਕਾਰ ਉਠੇ ਸਨ :—'ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ।'

ਅਤੇ ਏਸੇ ਲਈ ਇਨ੍ਹਾਂ ਸਤਰਾਂ ਦੇ ਲੇਖਕ ਨੇ ਪੂਰੇ ਸਤਿਕਾਰ ਤੇ ਮਾਣ ਨਾਲ ਇਹ ਦਾਅਵਾ ਕੀਤਾ ਹੈ ਕਿ ਮਨੁੱਖ ਦੇ ਇਤਿਹਾਸ ਵਿਚ ਸੰਮਤ ੧੭੫੬ ਦੀ ਪਵਿੱਤਰ ਵੈਸਾਖੀ ਅਦੁੱਤੀ ਤੇ ਅਲੌਕਿਕ ਹੈ। ਏਸ ਦਿਨ ਓਸ ਪੂਰਨ ਮਨੁੱਖ-ਖ਼ਾਲਸੇ ਦੀ ਸਿਰਜਨਾ ਹੋਈ ਸੀ, ਜਿਸ ਦੇ ਦੈਵੀ-ਕਰਤੱਵ— ਸੇਵਾ, ਸਿਮਰਨ ਤੇ ਕੁਰਬਾਨੀ—ਉਤੇ ਮਾਨਵਤਾ ਜਿਤਨਾ ਵੀ ਨਾਜ਼ ਕਰੇ, ਥੋੜਾ ਹੈ।

---

# ਰੈਣ ਸਬਾਈ ਅਤੇ ਅਖੰਡ ਪਾਠ ਸਮਾਗਮ

ਸੰਗਤਾਂ ਨੂੰ ਬਿਨੈ ਕੀਤੀ ਜਾਂਦੀ ਹੈ ਕਿ ਦਾਸ ਦੇ ਗ੍ਰਹਿ ਪਿੰਡ ਗਿਲ, ਡਾਕਖ਼ਾਨਾ ਚਮਿਆਰਾ (ਜਲੰਧਰ) ਵਿਖੇ ੧੮-੪-੭੪ ਨੂੰ ਸ੍ਰੀ ਅਖੰਡਪਾਠ ਰਖੇ ਜਾਣਗੇ ਜਿਸ ਦੇ ਭੋਗ ੨੦-੪-੭੪ ਨੂੰ ਪਾਏ ਜਾਣਗੇ। ਰੈਣ-ਸਬਾਈ ਕੀਰਤਨ ੨੦-੪-੭੪ ਦੀ ਰਾਤ ਨੂੰ ਹੋਣਗੇ ਅਤੇ ਨਾਲ ਹੀ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਣਗੇ।

ਕੀਰਤਨ ਸਮਾਗਮ ਵਿਚ ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ., ਭਾਈ ਜੋਗਿੰਦਰ ਸਿੰਘ ਜੀ ਅਤੇ ਭਾਈ ਸੰਤੋਖ ਸਿੰਘ ਜੀ ਜਲੰਧਰ ਆਦਿ ਹਾਜ਼ਰੀਆਂ ਭਰਨਗੇ। ਸਰਬਤ ਸੰਗਤਾਂ ਦਰਸ਼ਨ ਦੇ ਕੇ ਨਿਵਾਜੋ ਜੀ।

ਦਰਸ਼ਨ ਅਭਿਲਾਖੀ
ਗੁਰਮੇਜ ਸਿੰਘ (ਇੰਗਲੈਂਡ ਵਾਲੇ)

੨੦-੪-੭੪ ਨੂੰ ਬਸਤੀ ਅੱਡਾ (ਪੁਰਾਣੀ ਜੇਲ੍ਹ) ਜਲੰਧਰ ਤੋਂ ਸੰਗਤਾਂ ਨੂੰ ਪਿੰਡ ਤਕ ਪਹੁੰਚਾਉਣ ਦਾ ਬਸ ਦਾ ਪਰਬੰਧ ਹੋਵੇਗਾ। ਜਲੰਧਰ ਤੋਂ ਪਿੰਡ ਗਿਲ ਕੇਵਲ ਤਿੰਨ ਮੀਲ ਹੈ।


www.AKJ.Org

# ਵਿਸਾਖੀ

[ ਵਲੋਂ—ਸ. ਉਜਾਗਰ ਸਿੰਘ ਜੀ ਉਲਫ਼ਤ ]

ਫਿਰ ਵਿਸਾਖੀ ਦਾ ਉਹੋ ਜਲਵਾ ਵਿਖਾ ਦੇ ਸਾਕੀਆ !
ਭਾਗ ਸੁੱਤੇ ਕੌਮ ਦੇ, ਮੁੜ ਕੇ ਜਗਾਂ ਦੇ ਸਾਕੀਆ !
ਬੇਬਸੀ ਵਿਚ ਦੇਸ ਦੀ, ਤਕਦੀਰ ਕਰਵਟ ਲੇ ਰਹੀ,
ਜਾਮ ਦੇ ਕੇ ਅੰਮ੍ਰਿਤੀ,ਮਹਿਫ਼ਲ ਖਿੜਾਂ ਦੇ ਸਾਕੀਆ !

ਪੀ ਕੇ ਜਿਸ ਨੂੰ ਬੰਦਿਆਂ ਲਈ, ਪ੍ਰੀਤ ਦੀ ਜੋਤੀ ਜਗੇ,
ਜੋ ਕਨ੍ਹਈਆ ਪੀ ਗਿਆ, ਓਹੋ ਪਿਲਾਂ ਦੇ ਸਾਕੀਆ !
ਮੇਰੇ ਦਿਲ ਦੇ ਦਰਦ ਦਾ, ਦਾਰੂ ਹੈ ਤੇਰਾ ਜਾਮ ਹੀ,
ਹੈ ਸ਼ਫ਼ਾ ਮੇਰੀ ਇਹੋ, ਤੂੰ ਇਹ ਦਵਾਂ ਦੇ ਸਾਕੀਆ !

ਪੀ ਜਿਨੂੰ ਸ਼ਾਹਬਾਜ਼ ਵੀ, ਚਰਖੀ ਦੇ ਚੱਕਰ ਖਾ ਗਿਆ,
ਉਹ ਪਿਲਾਂ ਮੈਨੂੰ ਵੀ ਉਹ, ਚੱਕਰ ਚਲਾਂ ਦੇ ਸਾਕੀਆ !
ਖੋਪਰੀ ਦੇ ਤਾਲ ਵਿਚ, ਜਿਨੂੰ ਪੀ ਤਾਰੂ ਤਰ ਗਿਆ,
ਓਸ ਵਿਚ ਮੈਨੂੰ ਵੀ ਅੱਜ, ਤਾਰੀ ਲਵਾਂ ਦੇ ਸਾਕੀਆ !

ਕੁੱਦਿਆ ਸੀ ਜਗ ਵਿਚ ਜੋ, ਜਾਮ ਪੀ ਪੀ ਕੇ ਅਜੀਤ,
ਓਸ ਦਾ ਕਤਰਾ ਕੋਈ, ਮੇਰੇ ਮੂੰਹ ਪਾ ਦੇ ਸਾਕੀਆ !
ਚਾੜ੍ਹ ਦੇ ਮਸਤੀ ਓਹੋ, ਜੋਝਾਰ ਨੂੰ ਚਾੜ੍ਹੀ ਸੀ ਜੋ,
ਕੌਮ ਖ਼ਾਤਰ ਲਾਂ ਮੈਂ, ਸਿਰ ਕਟਾਂ ਕੇ ਸਾਕੀਆ !

ਤੂੰ ਜਦੋਂ ਕਰਦਾ ਹੈਂ ਰਹਿਮਤ,ਬਦਲ ਦੇਂਦਾ ਹੈਂ ਸ਼ਊਰ,
ਮੈਂ ਦਿਲੋਂ ਕੁਰਬਾਨ ਹਾਂ, ਤੇਰੀ ਅਦਾਂ ਦੇ ਸਾਕੀਆ !
ਗਿੱਦੜਾਂ ਤੋਂ ਸ਼ੇਰ ਤੇ, ਬੰਦਿਓਂ ਫ਼ਰਿਸ਼ਤੇ ਕਰ ਦਏਂ,
ਆਫ਼ਰੀਂ ਸਦ ਆਫ਼ਰੀਂ, ਤੇਰੀ ਦੁਆਂ ਦੇ ਸਾਕੀਆ !

ਪੀ ਪੀ ਮੁਰਦੇ ਜੀ ਪਏ, ਆਬਿ ਹਯਾਤੀ ਜਾਮ ਇਹ,
ਅਸ਼ਕੇ ਤੇਰੇ ਇਸ਼ਕ ਦੀ, ਇਸ ਇਨਤਹਾ ਦੇ ਸਾਕੀਆ !
ਪੀ ਕੇ ਆਸ਼ਕ ਜਾਮ ਇਹ,ਮੂੰਹ ਮੌਤ ਦਾ ਹੱਸ ਚੁੰਮ ਗਏ,
ਇਹ ਨੇ ਤੇਰੇ ਜੋਸ਼ ਜਾਮਿ, ਬੇ-ਪਨਾਹ ਦੇ ਸਾਕੀਆ !

ਨਾਮ ਹੈ 'ਉਲਫ਼ਤ' ਮੇਰਾ, ਉਲਫ਼ਤ ਦੇ ਸਦਕੇ ਹੀ ਪਿਲਾਂ,
ਮਾਫ਼ ਕਰ ਦਫ਼ਤਰ ਮੇਰੇ, ਕੀਤੇ ਗੁਨਾਹ ਦੇ ਸਾਕੀਆ !

# ਕੀ ਇਹ ਸਿਖੀ ਹੈ ?

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ', ਮਾਲਬ (ਗੁੜਗਾਉਂ) ]

ਗੁਰੂ ਆਖਦੇ ਕੋਡ ਤਮਾਸ਼ਿਆਂ ਦੇ, ਕੌਤਕ ਵੇਖਣੇ ਨਰਕ ਸੰਸਾਰ ਜੀਵਨ।
ਗੁਰੂ ਆਖਦੇ ਰੂਪ ਤੇ ਰੰਗ ਤਕ ਤਕ, ਬਣ ਜਾਂਵਦੇ ਮੰਦ-ਆਚਾਰ ਜੀਵਨ।
ਗੁਰੂ ਆਖਦੇ ਨਾਟਕਾਂ ਚੇਟਕਾਂ ਦੀ, ਭੈੜੀ ਦ੍ਰਿਸ਼ਟੀ ਤੋਂ ਲਵੋ ਸੁਧਾਰ ਜੀਵਨ।
ਗੁਰੂ ਆਖਦੇ ਰਖੋ ਸੰਤੁਲਤ ਜੀਵਨ, ਵਿਸ਼ਿਆਂ ਸੰਗ ਨਾ ਕਰੋ ਉਲਾਰ ਜੀਵਨ।
ਸਿਖੀ ਗੁਰੂ ਦੇ ਹੁਕਮ ਦੀ ਪਾਲਨਾ ਹੈ, ਹੋਰ ਵਿਚ ਸੰਸਾਰ ਦੇ ਨਹੀਂ ਸਿਖੀ।
ਗੁਰ-ਸ਼ਬਦ ਫ਼ੁਰਮਾਨ ਹੈ ਸਤਿਗੁਰੂ ਦਾ, ਬਿਨਾਂ ਸ਼ਬਦ-ਵੀਚਾਰ ਦੇ ਨਹੀਂ ਸਿਖੀ।

ਕੀ ਇਹ ਸਿਖੀ ਹੈ ? ਮੁਜਰੇ ਤੇ ਨਾਚ-ਰੰਗ ਦੀ, ਭ੍ਰਿਸ਼ਟ ਵਾਦੀ ਨੂੰ ਰੋਜ਼ ਵਧਾਈ ਜਾਣਾ।
ਕੀ ਇਹ ਸਿਖੀ ਹੈ ? ਜੀਵਨ ਅਮੋਲ-ਵਿਰਸਾ, ਰੋਜ਼ ਭੰਗ ਦੇ ਭਾੜੇ ਲੁਟਾਈ ਜਾਣਾ।
ਕੀ ਇਹ ਸਿਖੀ ਹੈ ? ਗੁਰਮਤਿ ਅਸੂਲ ਸਾਰੇ ਛਿਕੇ ਟੰਗ ਕੇ ਸਿਖ ਅਖਵਾਈ ਜਾਣਾ।
ਕੀ ਇਹ ਸਿਖੀ ਹੈ ? ਸਿਖੀ ਰਿਵਾਇਤਾਂ 'ਤੇ, ਆਪ ਸਿਖ ਹੋ ਕੇ ਪਰਦਾ ਪਾਈ ਜਾਣਾ।
ਆਪ ਬਚੋ ਤੇ ਕੌਮ ਬਚਾਉ ਸਿੰਘੋ ! ਫ਼ਿਲਮਾਂ ਸਿਨਮਿਆਂ ਵਾਲੇ ਬਦ-ਰੰਗ ਕੋਲੋਂ।
ਕਈ ਜਨਮ ਵੀ ਮੈਲ ਇਹ ਉਤਰਨੀ ਨਹੀਂ,ਦੂਰ ਰਹੋ'ਮਿਤਰ'ਇਸ ਕੁਸੰਗ ਕੋਲੋਂ।



www.AKJ.Org

# ਕੀਰਤਨ-ਭੇਟਾ

[ ਵਲੋਂ—ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ ]

ਇਸ ਗੱਲ ਤੋਂ ਸਾਰਾ ਸਿਖ-ਸੰਸਾਰ ਜਾਣੂ ਹੈ ਕਿ ਗੁਰਦੁਆਰਿਆਂ, ਘਰਾਂ ਅਤੇ ਖੁਲ੍ਹੇ ਸਮਾਗਮਾਂ ਵਿਚ ਜਿਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ ਹੁੰਦਾ ਹੈ, ਸਿਖ ਸੰਗਤਾਂ ਰਾਗੀ ਜਥਿਆਂ ਨੂੰ ਮਾਇਆ ਦੇ ਖੁਲ੍ਹੇ ਗਫੇ ਭੇਟਾ ਕਰਦੀਆਂ ਹਨ । ਇਸੇ ਤਰ੍ਹਾਂ ਗੁਰਪੁਰਬਾਂ ਦੇ ਅਵਸਰਾਂ ਉਤੇ ਵੀ ਗੁਰਦੁਆਰਿਆਂ ਦੇ ਪ੍ਰਬੰਧਕ ਹਜ਼ਾਰਾਂ ਰੁਪਏ ਖ਼ਰਚ ਕਰ ਕੇ ਰਾਗੀ ਜਥਿਆਂ ਨੂ ਮੰਗਵਾਉਂਦੇ ਹਨ । ਇਸ ਦਸ਼ਾ ਨੂੰ ਦੇਖ ਕੇ ਕਈ ਪ੍ਰੇਮੀ ਇਹ ਕਿੰਤੂ ਕਰਦੇ ਹਨ ਕਿ ਅਜ ਕਲ੍ਹ ਕੀਰਤਨ ਰਾਗੀ-ਸਿੰਘਾਂ ਦਾ ਜੀਵਨ-ਆਧਾਰ ਨਹੀਂ ਰਿਹਾ, ਸਗੋਂ ਆਮ ਸੰਸਾਰੀ ਲੋਕਾਂ ਵਾਂਗ ਇਕ ਤਰ੍ਹਾਂ ਦਾ ਮਾਇਕ-ਵਪਾਰ ਬਣ ਗਿਆ ਹੈ । ਕਈ ਵਾਰੀ ਗੁਰਮਤਿ-ਪ੍ਰੇਮੀਆਂ ਦੀ ਬੈਠਕ ਵਿਚ ਵੀ ਕੀਰਤਨ-ਭੇਟਾ ਬਾਰੇ ਕਈ ਪ੍ਰਕਾਰ ਦੀ ਵਿਚਾਰ-ਧਾਰਾ ਛਿੜਦੀ ਹੈ, ਪਰ ਉਸ ਨੂੰ ਕੋਈ ਅਮਲੀ ਰੂਪ ਨਹੀਂ ਦਿਤਾ ਜਾਂਦਾ, ਕਿਉਂਕਿ ਇਹੋ ਜਿਹੇ ਵਿਚਾਰ ਗੁਰਦੁਆਰਿਆਂ ਦੀਆਂ ਸਟੇਜਾਂ ਤੇ ਆਮ ਸਿਖ ਸੰਗਤਾਂ ਦੇ ਸਾਹਮਣੇ ਨਹੀਂ ਰਖੇ ਜਾਂਦੇ । ਆਧੁਨਿਕ ਕਾਲ ਦੀਆਂ ਉਕਤੀਆਂ ਜੁਗਤੀਆਂ ਅਤੇ ਵਿਚਾਰ-ਧਾਰਾ ਵਾਲੇ ਕਈ ਰਾਗੀ ਅਤੇ ਗ੍ਰੰਥੀ ਸਿੰਘ ਕੀਰਤਨ-ਭੇਟਾ ਬਾਰੇ ਨਿਜੀ ਵਿਚਾਰਾਂ ਦੁਆਰਾ ਨਿਰਣਾ ਕਰਨ ਦਾ ਯਤਨ ਕਰਦੇ ਰਹਿੰਦੇ ਹਨ, ਪਰ ਉਹ ਗੁਰਮਤਿ-ਕਸਵੱਟੀ ਤੇ ਪੂਰੇ ਨਹੀਂ ਉਤਰਦੇ ।

ਸਾਡੀ ਅਜੋਕੀ ਪਨੀਰੀ ਇਹ ਆਖਦੀ ਹੈ ਕਿ ਸਿਖਾਂ ਨੂੰ ਪੁਰਾਣੀਆਂ ਰਹੁ-ਰੀਤੀਆਂ ਛਡ ਕੇ ਇਕ ਨਵਾਂ ਵਿਧਾਨ ਤਿਆਰ ਕਰਨਾ ਚਾਹੀਦਾ ਹੈ, ਕਿਉਂਕਿ ਜ਼ਮਾਨਾ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ । ਸਾਇੰਸ ਨੇ ਇਤਨੀ ਤਰੱਕੀ ਕੀਤੀ ਹੈ ਕਿ ਪ੍ਰਮਾਣੂ-ਸ਼ਕਤੀਆਂ ਨਾਲ ਚੰਦ ਤੇ ਤਾਰਿਆਂ ਨੂੰ ਛੁਹਣ ਵਾਲੇ ਅਜੂਬੇ ਵਿਖਾਏ ਜਾ ਰਹੇ ਹਨ । ਜੇ ਸਿਖ ਕੌਮ ਨੇ ਲੋਕ-ਰੁਚੀਆਂ ਅਨੁਸਾਰ ਕੋਈ ਨਵੀਂ ਨਿਯਮਾਵਾਲੀ ਨਾ ਘੜੀ ਤਾਂ ਇਹ ਉਨਤੀ ਦੇ ਖੇਤਰ ਵਿਚ ਬਾਕੀ ਕੌਮਾਂ ਨਾਲੋਂ ਪਿਛੇ ਰਹਿ ਜਾਵੇਗੀ । ਸਮੇਂ ਦੀ ਚਾਲ ਅਨੁਸਾਰ ਸਾਡੇ ਨੌਜਵਾਨਾਂ ਦੇ ਵਿਚਾਰ ਭਾਵੇਂ ਕੁਝ ਹੱਦ ਤਕ ਠੀਕ ਵੀ ਹੋਣ, **ਪਰ ਇਨ੍ਹਾਂ ਭੋਲੇ ਭਾਲੇ ਨੌਜਵਾਨਾਂ ਨੂੰ ਆਪਣੇ ਵਿਰਸੇ ਦਾ ਬੋਧ ਨਹੀਂ ਹੈ ।** ਸਾਇੰਸ ਦੀਆਂ ਸਾਰੀਆਂ ਤਰੱਕੀਆਂ ਨਿਰੋਲ ਪਦਾਰਥ-ਵਾਦੀ ਹਨ, ਜਿਨ੍ਹਾਂ ਦਾ ਧਾਰਮਕ ਰਹੁ-ਰੀਤੀਆਂ ਦੇ ਵਿਕਾਸ ਨਾਲ ਕੋਈ ਸੰਬੰਧ ਨਹੀਂ । ਇਸ ਵਿਚ ਸੰਦੇਹ ਨਹੀਂ ਕਿ ਸਰੀਰਕ ਸੁਖਾਂ ਦੇ ਜੀਵਨ ਦੀਆਂ ਕਈ ਲੋੜਾਂ ਨੂੰ ਪੂਰਾ ਕਰਨ ਹਿਤ ਅਸੀਂ ਵਿਗਿਆਨਕ ਢੰਗਾਂ ਰਾਹੀਂ ਕਈ ਲਾਭ ਪ੍ਰਾਪਤ ਕਰ ਸਕਦੇ ਹਾਂ, ਪਰ ਆਤਮਕ ਵਿਚਾਰਧਾਰਾ ਵਾਲਾ ਪਿਤਾ-ਪੁਰਖੀ ਰਾਹ ਛਡ ਕੇ ਪੱਛਮੀ-ਵਿਚਾਰਧਾਰਾਂ ਅਨੁਸਾਰ ਆਪਣਾ ਜੀਵਨ ਢਾਲਣਾ ਕੋਈ ਸਿਆਣਪ ਵਾਲੀ ਗੱਲ ਨਹੀਂ ।

ਕੀਰਤਨ ਗੁਰਸਿਖਾਂ ਦਾ ਜੀਵਨ-ਅਧਾਰ ਹੈ । ਇਸ ਨਾਲ ਜਿੰਨਾ ਵੀ ਪਿਆਰ ਕੀਤਾ ਜਾਏ, ਥੋੜਾ ਹੈ । ਇਸੇ ਤਰ੍ਹਾਂ ਕੀਰਤਨ ਸੁਣਾਉਣ ਵਾਲੇ, ਅੰਮ੍ਰਿਤ ਭੋਜਨ ਛਕਾਉਣ ਵਾਲੇ ਕੀਰਤਨੀਏ ਵੀਰਾਂ ਦਾ ਜਿਤਨਾ ਵੀ ਸਤਿਕਾਰ ਕੀਤਾ ਜਾਏ, ਥੋੜਾ ਹੈ; ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿਤਰ ਉਪਦੇਸ਼ ਹਰੇਕ ਕੀਰਤਨੀਏ ਸਿੰਘ ਦੇ ਸਾਹਮਣੇ ਹੋਣੇ ਚਾਹੀਦੇ ਹਨ, ਜਿਵੇਂ ਕਿ :—

"ਰਾਮ ਰਾਮ ਰਾਮਾ ਗੁਨ ਗਾਉ
ਛੋਡਿ ਮਾਇਆ ਕੇ ਧੰਧ ਸੁਆਉ ॥"

[ਪੰਨਾ ੮੮੫

ਜੇ ਅਸੀਂ ਆਪਣੇ ਗੁਰ-ਇਤਿਹਾਸ ਨੂੰ ਗਹੁ ਨਾਲ ਜਾਚੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਤਨਾ ਪਿਆਰ ਭਾਈ ਮਰਦਾਨੇ ਰਬਾਬੀ ਨਾਲ ਕੀਤਾ ਉਤਨਾ ਕਿਸੇ ਹੋਰ ਵਿਅਕਤੀ ਨਾਲ ਘਟ ਹੀ ਕੀਤਾ ਹੋਵਗਾ, ਕਿਉਂਕਿ ਉਹ ਜਗਤ ਦਾ ਸੁਧਾਰ ਤੇ ਉਧਾਰ ਕਰਨ ਲਈ ਚਾਰ ਉਦਾਸੀਆਂ ਵਿਚ ਗੁਰੂ ਬਾਬਾ ਜੀ ਦੇ ਨਾਲ ਸਾਥੀ ਬਣ ਕੇ ਰਿਹਾ । ਗੁਰੂ ਬਾਬੇ ਦੀਆਂ ਜੀਵਨ-ਗੋਸ਼ਟੀਆਂ ਪੜ੍ਹ ਕੇ ਪਤਾ


www.AKJ.Org

ਲਗਦਾ ਹੈ ਕਿ ਆਪ ਜੀ ਨੇ ਭਾਈ ਮਰਦਾਨੇ ਦੀਆਂ ਜੀਵਨ-ਲੋੜਾਂ ਨੂੰ ਹਰ ਸਮੇਂ ਪੂਰਾ ਕੀਤਾ । ਉਸ ਦੀ ਪਰਵਾਰਿਕ ਚਿੰਤਾ ਨੂੰ ਦੂਰ ਕਰਨ ਲਈ ਜਿਥੇ ਹਾਰਦਿਕ ਸਹਾਇਤਾ ਕੀਤੀ ਉਥੇ ਨਾਮ ਦੇ ਖੇੜੇ ਨਾਲ ਵੀ ਉਸ ਨੂੰ ਸੰਤੋਖ-ਜਨਕ ਜੀਵਨ ਵਾਲਾ ਬਣਾਇਆ । ਸਾਰੇ ਇਤਿਹਾਸ ਵਿਚੋਂ ਏਦਾਂ ਦਾ ਪ੍ਰਮਾਣ ਕਿਤੇ ਵੀ ਨਹੀਂ ਮਿਲਦਾ ਜਿਥੇ ਕਿ ਮਰਦਾਨੇ ਨੂੰ ਸਿਖ ਸੰਗਤਾਂ ਨੇ ਕੀਰਤਨ-ਭੇਟਾ ਵਜੋਂ ਮਾਇਆ ਦਿਤੀ ਹੋਵੇ । ਫਿਰ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਤਕ ਇਹੋ ਵਰਤਾਰਾ ਚਲਦਾ ਰਿਹਾ । ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਸੰਕਲਤ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ਮਾਨ ਕੀਤਾ ਉਥੇ ਸੰਗਤਾਂ ਨੂੰ ਕੀਰਤਨ ਸਰਵਣ ਕਰਾਉਣ ਲਈ ਬਲਵੰਡ ਤਥਾ ਸੱਤੇ ਡੂਮ ਨੂੰ ਸੇਵਾ ਬਖ਼ਸ਼ੀ । ਜਦੋਂ ਇਨ੍ਹਾਂ ਰਬਾਬੀਆਂ ਦੀ ਲੜਕੀ ਦਾ ਵਿਆਹ ਨੇੜੇ ਆਇਆ ਤਾਂ ਇਨ੍ਹਾਂ ਨੇ ਗੁਰੂ ਜੀ ਪਾਸੋਂ ਦਰਬਾਰ ਸਾਹਿਬ ਦੀ ਇਕ ਦਿਨ ਦੀ ਚੜ੍ਹਤ ਮੰਗੀ, ਜਿਸ ਨੂੰ ਗੁਰੂ ਜੀ ਨੇ ਪਰਵਾਨ ਕੀਤਾ । ਸੁਭਾਵਕ, ਜਾਂ ਚੋਜੀ ਪ੍ਰੀਤਮ ਦੀਆਂ ਗੁਝੀਆਂ ਰਮਜ਼ਾਂ, ਉਸ ਦਿਨ ਮਾਇਆ ਥੋੜੀ ਚੜ੍ਹੀ, ਜਿਸ ਕਰਕੇ ਬਲਵੰਡ ਤੇ ਸਤਾ ਸੰਤੁਸ਼ਟ ਨਾ ਹੋਏ ਅਤੇ ਗੁਰੂ-ਘਰ ਦੀ ਨਿੰਦਾ ਕਰਨ ਲਗ ਪਏ। ਜਿਸ ਦਾ ਫਲ-ਸਰੂਪ ਉਨ੍ਹਾਂ ਨੂੰ ਕੋਹੜ ਹੋਇਆ ਅਤੇ ਭਾਈ ਲੱਧਾ ਜੀ ਪਰਉਪਕਾਰੀ ਲਾਹੌਰ ਵਾਸੀ ਨੇ ਇਨ੍ਹਾਂ ਨੂੰ ਗੁਰੂ ਜੀ ਪਾਸੋਂ ਬਖ਼ਸ਼ਵਾਇਆ । ਮੁੜ ਇਨ੍ਹਾਂ ਨੇ ਆਪਣੇ ਪਾਪ-ਕਰਮ ਦਾ ਪ੍ਰਾਸ਼ਚਿਤ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਾਂ ਪਾਤਸ਼ਾਹੀਆਂ ਤਕ ਰਾਮਕਲੀ ਰਾਗ ਦੀ ਵਾਰ ਵਿਚ ਸਿਫ਼ਤਾਂ ਕੀਤੀਆਂ ।

ਇਹ ਪ੍ਰਸੰਗ ਇਸ ਗੱਲ ਦੀ ਸਾਖ ਭਰਦਾ ਹੈ, ਜੇਕਰ ਸਿਖ ਸੰਗਤਾਂ ਰਬਾਬੀਆਂ ਨੂੰ ਕੀਰਤਨ ਵਜੋਂ ਅਜ ਕਲ੍ਹ ਵਾਂਗ ਸਿਧੀ ਮਾਇਆ ਕੀਰਤਨ-ਭੇਟਾ ਵਜੋਂ ਦਿੰਦੀਆਂ ਹੁੰਦੀਆਂ ਤਾਂ ਇਨ੍ਹਾਂ ਰਬਾਬੀਆਂ ਨੂੰ ਸ੍ਰੀ ਗੁਰੂ ਜੀ ਪਾਸੋਂ ਮਾਇਆ ਮੰਗਣ ਦੀ ਲੋੜ ਹੀ ਨ ਪੈਂਦੀ । ਉਕਤ ਰਬਾਬੀਆਂ ਦੀ ਰਚਿਤ ਵਾਰ ਦੇ ਅਧਿਐਨ ਤੋਂ ਇਕ ਹੋਰ ਨਿਰਣਾ ਹੇਠ ਲਿਖੀ ਪੰਕਤੀ ਰਾਹੀਂ ਹੋ ਜਾਂਦਾ ਹੈ ਕਿ ਪੂਜਾ ਦੇ ਧਾਨ ਦੀ ਝਾਕ ਅਤੇ ਮਾਇਆ ਦਾ ਲੋਭ ਨਿਰਮਲ ਜੀਵਨ ਨੂੰ ਇਸ ਤਰ੍ਹਾਂ ਗੰਧਲਾ ਬਣਾ ਦਿੰਦਾ ਹੈ, ਜਿਵੇਂ ਪਾਣੀ ਨੂੰ ਬੂਰ :—

"ਲਬ ਵਿਣਾਹੇ ਮਾਣਸਾ, ਜਿਉ ਪਾਣੀ ਬੂਰ"

[ਪੰਨਾ ੯੬੭

ਭਾਈ ਸਾਹਿਬ ਗੁਰਦਾਸ ਜੀ ਦੇ ਅਮੋਲਕ ਵਿਚਾਰਾਂ ਨੂੰ ਜੇ ਉਨ੍ਹਾਂ ਦੀ ਰਚਿਤ ੩੫ਵੀਂ ਵਾਰ ਦੀਆਂ ੧੧ਵੀਂ ਤੋਂ ੧੯ਵੀਂ ਪਉੜੀਆਂ ਪੜ੍ਹੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਧਰਮਸਾਲ ਦੇ ਪਦਾਰਥਾਂ ਦੀ ਝਾਕ, ਅਰਥਾਤ ਪੂਜਾ ਦੇ ਧਾਨ ਵਲ ਵੇਖਣਾ ਇਸ ਤਰ੍ਹਾਂ ਹੈ, ਜਿਵੇਂ ਖੰਡ ਵਿਚ ਗਲੇਫੀ ਹੋਈ ਜ਼ਹਿਰ । ਤਥਾ :—

"ਤਿਉਂ ਧਰਮਸਾਲ ਦੀ ਝਾਕ ਹੈ, ਵਿਹੁ ਖੰਡੂ ਪਾਜੁ ॥"

ਇਸੇ ਪ੍ਰਕਾਰ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਵੀ ਪੂਜਾ ਦੇ ਧਾਨ ਬਾਰੇ ਹੇਠ ਲਿਖੇ ਸ਼ਬਦ ਦਰਜ ਹਨ :—

"ਸ੍ਰੀ ਗੁਰੂ ਜੀ ਨੇ ਕਿਹਾ, ਮਰਦਾਨਿਆ ! ਇਹ ਪਦਾਰਥ ਪੂਜਾ ਦਾ ਖਾਣਾ ਐਸਾ ਹੈ ਜੈਸੇ ਵਿਸ ਖਾਧੇ ਪਚਦੀ ਨਹੀਂ, ਤੈਸੇ ਹੀ ਪੂਜਾ ਦਾ ਧਾਨ ਖਾਧਾ ਪਚਦਾ ਨਹੀਂ । ਜਿਹੜਾ ਅੱਠੇ ਪਹਿਰ ਪਰਮੇਸਰ ਦੀ ਬੰਦਗੀ ਕਰੇ, ਰਾਤ ਦਿਨ ਭਗਵੰਤ ਦਾ ਭਜਨ ਕਰਦਾ ਰਹੇ, ਵੰਡ ਖਾਇ, ਆਪਣੀ ਤਮਾ ਨ ਕਰੇ, ਹਰ ਇਕ ਜੀਵ ਜੋ ਆਵੇ ਤਿਸ ਨਾਲ ਖੁਸ਼ੀ ਰਹੇ, ਅਰ ਥੋੜਾ ਅਹਾਰ ਕਰੇ ਤੇ ਸੰਜਮ ਨਾਲ ਰਹੇ ਤਾਂ ਉਸ ਨੂੰ ਪਚਦਾ ਹੈ । ਜਿਹੜਾ ਭਜਨ ਬੰਦਗੀ ਨਾ ਕਰੇ, ਪੱਲੇ ਬੰਨੇ, ਲਾਲਚ ਹਰ ਚੀਜ਼ ਦਾ ਕਰੇ, ਪੂਜਾ ਦੀ ਚੀਜ਼ ਵੰਡ ਕੇ ਨ ਖਾਇ, ਉਸ ਨੂੰ ਵਿਖ ਵਤ ਹੋ ਕੇ ਲਗਦੀ ਹੈ । ਜਿਸ ਤਰ੍ਹਾਂ ਅਗਨ ਦਾ ਕੁੰਡ ਬਲਦਾ ਹੋਵੇ ਤਾਂ ਇਕ ਛੰਨਾ ਪਾਣੀ ਦਾ ਉਸ ਵਿਚ ਪਾਈਐ ਤਾਂ ਉਹ ਪਾਣੀ ਵੀ ਦਘਧ ਹੋ ਜਾਂਦਾ ਹੈ ਤੇ ਅਗਨਿ ਵੀ ਬਲਦੀ ਰਹਿੰਦੀ ਹੈ ਅਤੇ ਅਗਨਿ ਥੋੜੀ ਹੋਵੇ ਤੇ ਪਾਣੀ ਬਹੁਤ ਪਾਈਐ ਤਾਂ ਅਗਨਿ ਸਭ ਬੁਝ ਜਾਂਦੀ ਹੈ । ਤਿਸੀ ਤਰ੍ਹਾਂ ਜੋ ਕੋਈ ਪੂਜਾ ਕਾ ਧਾਨ ਗੁਰੂ ਕੇ ਗੁਰਦੁਆਰਿਆਂ ਦੀ ਮਾਇਆ



www.AKJ.Org

ਮਿਠੀ ਜਾਣ ਕੇ ਚਾਹ ਨਾਲ ਖਾਂਦਾ ਹੈ ਸੋ ਬਹੁਤ ਦੁਖੀ ਹੁੰਦਾ ਹੈ । ਉਨ੍ਹਾਂ ਵਾਸਤੇ ਅਗੇ ਨਰਕ ਤਿਆਰ ਹਨ ਤੇ ਇਸ ਲੋਕ ਵਿਚ ਵੀ ਦੁਖ ਪਾਉਂਦੇ ਹਨ ।"

ਇਸ ਸ਼ਬਦਾਵਲੀ ਨਾਲ ਮਿਲਦੀ ਜੁਲਦੀ ਵਿਚਾਰ ਹੀ ਗਿਆਨ ਰਤਨਾਵਲੀ ਵਿਚ ਭਾਈ ਮਨੀ ਸਿੰਘ ਜੀ ਨੇ ਦਿਤੀ ਹੈ । ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿਚ ਪੂਜਾ ਦੇ ਧਾਨ ਬਾਰੇ ਇਉਂ ਅੰਕਿਤ ਹੈ :—

ਰਹਿਤ ਗੁਰਸਿਖ ਹੈ ਜੋਈ ।
ਕਰ ਉਪਾਇ ਧਨ ਖਾਟੇ ਸੋਈ ।
ਤਾ ਹੀ ਕਰ ਘਰ ਕੋ ਨਿਰਬਹੈ ।
ਪੂਜਾ ਭੂਲ ਨ ਕਬਹੂ ਗਹੈ ।
ਜੋ ਕੋਈ ਸਿੰਘ ਪੁਜਾਰੀ ਅਹੈ ।
ਸੋ ਵੀ ਪੂਜਾ ਬਹੁਤ ਨ ਗਹੈ ।
ਤਨ ਨਿਰਬਾਹ ਮਾਤਰ ਸੋ ਲੇਵੈ ।
ਅਧਿਕ ਹੋਇ ਤਉ ਜਹਿ ਤਹਿ ਦੇਵੈ।

ਦਸਮੇਸ਼ ਪਿਤਾ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਣ ਸਮੇਂ ਬੇਅੰਤ ਮਾਇਆ, ਮਾਲ ਧਨ, ਜਿਸ ਵਿਚ ਪੂਜਾ ਪਦਾਰਥ ਸ਼ਾਮਲ ਸੀ, ਸਭ ਸਰਸਾ ਨਦੀ ਵਿਚ ਭੇਟਾ ਕਰ ਦਿਤਾ ਸੀ । ਸਿਖਾਂ ਦੇ ਪੁੱਛਣ ਤੇ ਗੁਰਦੇਵ ਜੀ ਨੇ ਉੱਤਰ ਦਿਤਾ ਸੀ—ਮੈਂ ਪੁੱਤਰਾਂ ਨੂੰ ਜ਼ਹਿਰ ਨਹੀਂ ਦੇਣੀ ਚਾਹੁੰਦਾ, ਕਿਉਂਕਿ ਪੂਜਾ ਦਾ ਧਾਨ ਜ਼ਹਿਰ ਸਮਾਨ ਹੁੰਦਾ ਹੈ ।

ਜੇ ਕੋਈ ਇਹ ਆਖੇ ਕਿ ਰਾਗੀਆਂ ਨੂੰ ਮਾਇਆ ਦੀ ਲੋੜ ਨਹੀਂ, ਜਾਂ ਦੇਣੀ ਨਹੀਂ ਚਾਹੀਦੀ ਤਾਂ ਇਹ ਵੀ ਇਕ ਨਿਰਮੂਲ ਕਥਨ ਹੈ । ਜਿਵੇਂ ਪਿਆਸੇ ਮਨੁੱਖ ਨੂੰ ਪਾਣੀ ਦੀ ਲੋੜ ਹੁੰਦੀ ਹੈ, ਤਿਵੇਂ ਗ੍ਰਿਹਸਤੀ ਜੀਵਨ ਦਾ ਨਿਰਬਾਹ ਕਰਨ ਲਈ ਰਾਗੀ ਸਿੰਘਾਂ ਨੂੰ ਵੀ ਮਾਇਆ ਦੀ ਲੋੜ ਪੈਂਦੀ ਹੈ । ਗੁਰੂ ਸਾਹਿਬ ਅੰਤਰਯਾਮੀ ਪਿਤਾ ਸਨ ਅਤੇ ਉਹ ਕੀਰਤਨੀ ਬੱਚਿਆਂ ਦੀਆਂ ਯੋਗ ਲੋੜਾਂ ਪੂਰੀਆਂ ਕਰਦੇ ਰਹਿੰਦੇ ਸਨ, ਕਿਉਂਕਿ ਉਸ ਸਮੇਂ ਅਜ ਵਾਂਗ ਨਾ ਹੀ ਸੰਗਮਰਮਰੀ ਬਿਲਡਿੰਗਾਂ ਵਾਲੀਆਂ ਧਰਮਸਾਲਾਂ ਸਨ ਅਤੇ ਨਾ ਹੀ ਕਮੇਟੀਆਂ ਦੇ ਪ੍ਰਧਾਨ, ਸਕੱਤਰ ਆਦਿ । ਉਸ ਸਮੇਂ ਰਾਗੀਆਂ ਨੂੰ ਨੌਕਰਾਂ ਵਾਂਗ ਤਨਖ਼ਾਹ ਤੇ ਨਹੀਂ ਰਖਿਆ ਜਾਂਦਾ ਸੀ, ਕਿਉਂਕਿ ਉਹ ਧਰਮ ਦੀਆਂ ਕੀਮਤਾਂ ਤੋਂ ਜਾਣੂ ਸਨ । ਉਹ ਆਏ ਗਏ ਅਭਿਆਗਤ, ਸੰਤਾਂ, ਸਾਧਾਂ, ਰਾਗੀਆਂ, ਰਬਾਬੀਆਂ ਦੀ ਹਰ ਪ੍ਰਕਾਰ ਤਨੋਂ, ਮਨੋਂ, ਧਨੋਂ ਸੇਵਾ ਕਰਨੀ ਆਪਣਾ ਉੱਤਮ ਕਰਤੱਵ ਸਮਝਦੇ ਸਨ । ਦੂਜੇ ਪਾਸੇ ਉਸ ਸਮੇਂ ਦੇ ਉਪਦੇਸ਼ਕ, ਰਾਗੀ ਤੇ ਪ੍ਰਚਾਰਕ ਵੀ ਸੰਤੋਖੀ ਤੇ ਸੰਜਮੀ ਸਨ । ਉਸ ਸਮੇਂ ਦੀ ਸਾਦਾ ਖ਼ੁਰਾਕ, ਪੁਸ਼ਾਕ ਅਤੇ ਅੰਮ੍ਰਿਤ-ਵਾਕ ਹਰ ਇਕ ਉਤੇ ਆਪਣਾ ਜੀਵਨ-ਪ੍ਰਭਾਵ ਪਾਉਂਦੇ ਸਨ । ਇਸ ਲਈ ਉਸ ਸਮੇਂ ਦੇ ਉਪਦੇਸ਼ਟਿਆਂ ਵਿਚ ਟਿਕਾਉ ਸੀ; ਅਜ ਵਾਂਗ ਮਾਇਆ ਦੀ ਮਾਰੂ ਹਲਚਲ ਨਹੀਂ ਸੀ । ਵਰਤਮਾਨ ਸਮੇਂ ਵਿਚ ਕੁਝ ਤਾਂ ਜ਼ਮਾਨੇ ਦਾ ਫੇਰ ਹੈ ਅਤੇ ਕੁਝ ਤ੍ਰਿਸ਼ਨਾਲੂ ਰੁਚੀਆਂ ਦਾ ਗੇੜ ਹੈ । ਇਨ੍ਹਾਂ ਦੋਹਾਂ ਦੇ ਸੰਗਲਾਂ ਨਾਲ ਮਨੁੱਖ ਇਤਨਾ ਜਕੜਿਆ ਗਿਆ ਹੈ ਕਿ ਉਸ ਨੂੰ ਆਪਣੇ ਆਪ ਦੀ ਪਛਾਣ ਨਹੀਂ । ਗੁਰਬਾਣੀ ਦਾ ਪਵਿੱਤਰ ਵਾਕ ਹੈ :—

"ਪਰਥਾਇ ਸਾਖੀ ਮਹਾਂ ਪੁਰਖ ਬੋਲਦੇ,
ਸਾਝੀ ਸਗਲ ਜਹਾਨੈ ॥
ਗੁਰਮੁਖਿ ਹੋਇ ਸੁ ਭਉ ਕਰੇ,
ਆਪਣਾ ਆਪੁ ਪਛਾਣੈ ॥"
[ਪੰਨਾ ੬੪੭

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ-ਮਈ ਉਪਦੇਸ਼ ਸੰਸਾਰ ਦੇ ਸਮੂਹ ਵਰਗਾਂ ਲਈ ਸਾਂਝੇ ਹਨ । ਜੇ ਗੁਰਦੇਵ ਜੀ ਨੇ ਵਿਆਹ ਕਰਾਉਣ ਵਾਲੇ ਇਕ ਬ੍ਰਾਹਮਣ ਉਪਦੇਸ਼ਟੇ ਨੂੰ ਇਉਂ ਸੰਬੋਧਨ ਕੀਤਾ :—

ਸਸੈ, ਸੰਜਮੁ ਗਇਓ ਮੂੜੇ,
ਏਕੁ ਦਾਨੁ ਤੁਧੁ ਕੁਥਾਇ ਲਇਆ ॥
ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ,
ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥
[ਪੰਨਾ ੪੩੫

ਤਾਂ ਕੀ ਇਹ ਕਾਨੂੰਨ ਸਿਖਾਂ, ਮੁਸਲਮਾਨਾਂ ਤੇ ਹੋਰ ਜਾਤੀਆਂ ਦੇ ਉਪਦੇਸ਼ਕਾਂ ਉਤੇ ਲਾਗੂ ਨਹੀਂ ਹੁੰਦਾ ? ਜੇ ਗੁਰੂ ਬਾਬਾ ਜੀ ਨੇ "ਲੈ ਭਾੜਿ ਕਰੇ ਵਿਆਹੁ ॥ ਕਢਿ ਕਾਗਲੁ ਦਸੇ ਰਾਹੁ" (ਪੰਨਾ ੪੭੧) ਆਖ ਕੇ


www.AKJ.Org

ਇਸ ਕਿਰਿਆ ਦੀ ਨਿਖੇਧੀ ਕੀਤੀ ਤਾਂ ਸ਼ਿਖ ਕੌਮ ਦੇ ਗ੍ਰੰਥੀਆਂ ਤੇ ਰਾਗੀਆਂ ਨੂੰ ਖ਼ਾਲਸਾ ਪੰਥ ਦੇ ਕਿਹੜੇ ਕਾਨੂੰਨ ਹੇਠਾਂ ਛੋਟ ਮਿਲੀ ਹੋਈ ਹੈ ਕਿ ਉਹ ਗੁਰਸਿਖ ਬੱਚੇ ਤੇ ਬੱਚੀਆਂ ਦੇ ਅਨੰਦ ਕਾਰਜ ਕਰਾਉਣ ਵੇਲੇ ਭਾੜਾ (ਮੂੰਹ-ਮੰਗੀ ਮਾਇਆ) ਲੈਣਾ ਯੋਗ ਸਮਝਦੇ ਹਨ? ਕੀ ਇਹ ਗੁਰੂ-ਉਪਦੇਸ਼ਾਂ ਦੀ ਉਲੰਘਣਾ ਨਹੀਂ ? ਅਜ ਕਲ੍ਹ ਜਿਨ੍ਹਾਂ ਘਰਾਣਿਆਂ ਵਿਚ ਵਿਆਹ ਦੇ ਮੌਕਿਆਂ ਤੇ ਕਬਾਬ ਭੁਜਦੇ ਹਨ, ਸ਼ਰਾਬ ਦੇ ਦੌਰ ਚਲਦੇ ਹਨ, ਨਾਚੇ ਤੇ ਨਾਚੀਆਂ ਅਣ-ਸਦਾਚਾਰਕ ਗੀਤ ਗਾਉਂਦੇ ਹਨ, ਉਨ੍ਹਾਂ ਘਰਾਣਿਆਂ ਵਿਚ ਸਾਡੇ ਰਾਗੀ ਤੇ ਪ੍ਰਚਾਰਕ ਅਨੰਦ ਕਾਰਜ ਕਰਾਉਣ ਤੋਂ ਰਤਾ ਭਰ ਵੀ ਸੰਕੋਚ ਨਹੀਂ ਕਰਦੇ—ਸਗੋਂ ਅਰਦਾਸ ਸਮੇਂ ਗੁਰੂ-ਹਜ਼ੂਰੀ ਵਿਚ ਇਹ ਆਖ ਕੇ ਕਿ "ਇਹ ਕਾਰਜ ਗੁਰਮਤਿ ਮਰਯਾਦਾ ਅਨੁਸਾਰ ਹੋਇਆ ਹੈ", ਹੋਰ ਕੁਫ਼ਰ ਤੋਲਦੇ ਹਨ । ਇਸ ਕੁਕਰਮ ਦੀ ਸਜ਼ਾ ਰੱਬੀ ਦਰਗਾਹ ਵਿਚ ਅਵੱਸ਼ ਭੁਗਤਣੀ ਪਏਗੀ । ਕਿਉਂਕਿ ਗੁਰਵਾਕ ਹੈ :—

> ਰਾਹ ਦੋਵੇ, ਇਕੁ ਜਾਣੈ, ਸੋਈ ਸਿਝਸੀ ॥
> ਕੁਫਰ, ਗੋਅ ਕੁਫਰਾਣੈ, ਪਇਆ ਦਝਸੀ ॥

[ਪੰਨਾ ੧੪੨

ਜੇ ਸਾਡੇ ਰਾਗੀ ਜੱਥੇ ਅਜਿਹੇ ਵਾਤਾਵਰਨ ਵਿਚ ਜਾਣੋਂ ਨਾਂਹ ਕਰ ਦੇਣ ਤਾਂ ਹੋ ਸਕਦਾ ਹੈ ਕਿ ਨਾਮ-ਧਰੀਕ ਸਿਖਾਂ ਦੇ ਮਨਾਂ ਤੇ ਇਸ ਨਾ-ਮਿਲਵਰਤਣ ਦੀ ਸੱਟ ਵਜੇ ਤੇ ਉਨ੍ਹਾਂ ਦੇ ਜੀਵਨ ਵਿਚ ਕੋਈ ਨਵਾਂ ਮੋੜ ਆ ਜਾਵੇ । ਅਸਲ ਵਿਚ ਕੀਰਤਨ ਦੀ ਮਹੱਤਤਾ ਨੂੰ ਨਾ ਸਾਡੇ ਰਾਗੀ ਵੀਰਾਂ ਨੇ ਆਪ ਸਮਝਿਆ ਹੈ ਅਤੇ ਨਾ ਹੀ ਆਮ ਸਿਖ ਸੰਗਤਾਂ ਨੂੰ ਇਸ ਦੇ ਰਹੱਸ ਤੋਂ ਜਾਣੂ ਕਰਾ ਸਕੇ ਹਨ । ਜੇ ਰਾਗੀ ਸਿੰਘ ਕੀਰਤਨ ਨੂੰ ਨਿਰਮੋਲਕ ਹੀਰਾ ਸਮਝਦੇ ਹੁੰਦੇ, ਤਾਂ ਉਹ ਕੀਰਤਨ ਦਾ ਭਾੜਾ ਲੈਣ ਤੋਂ ਸੰਕੋਚ ਕਰਦੇ । ਜੇ ਆਮ ਸੰਗਤਾਂ ਨੂੰ ਇਸ ਦਾ ਬੋਧ ਹੁੰਦਾ ਤਾਂ ਉਹ ਵਿਆਹ ਸ਼ਾਦੀਆਂ ਤੇ ਜਿਵੇਂ ਡੂਮਾਂ ਤੇ ਮਿਰਾਸੀਆਂ ਨੂੰ ਰੁਪਏ ਰੁਪਏ ਦੀਆਂ ਵੇਲਾਂ ਦਿੰਦੇ ਹਨ, ਉਸੇ ਤਰ੍ਹਾਂ ਰਾਗੀ ਸਿੰਘਾਂ ਨੂੰ ਦਮੜੇ ਦੋ ਦਮੜੇ ਜਾਂ ਵਧ ਵਿਖਾਵੇ ਵਜੋਂ ਭੇਟਾ ਕਰ ਕੇ ਆਪਣੀਆਂ ਕਲਾਣਾਂ ਨਾ ਕਰਾਉਂਦੇ । ਜੇ ਸਾਡੇ ਰਾਗੀ ਵੀਰ ਦੀਰਘ-ਦ੍ਰਿਸ਼ਟੀ ਨਾਲ ਸੋਚਣ ਤਾਂ ਉਨ੍ਹਾਂ ਨੂੰ ਸਮਝ ਆਏਗੀ ਕਿ ਜਿਨ੍ਹਾਂ ਸਤਿਗੁਰਾਂ ਜਾਂ ਸ਼ਹੀਦਾਂ ਦੇ ਪੁਰਬ ਮਨਾਏ ਜਾਂਦੇ ਹਨ, ਉਹ ਕੇਵਲ ਸੰਗਤਾਂ ਦੇ ਹੀ ਸਤਿਗੁਰੂ ਨਹੀਂ, ਉਨ੍ਹਾਂ ਦੇ ਆਪਣੇ ਵੀ ਹਨ । ਜੇ ਉਹ ਸੰਸਾਰਕ ਤੌਰ ਤੇ ਹੀ ਸੋਚਣ ਤਾਂ ਕੀ ਆਪਣੇ ਪਿਤਾ ਦੇ ਦਿਹਾਂਤ ਪਿਛੋਂ ਉਸ ਦੀ ਯਾਦ ਮਨਾਉਣ ਵੇਲੇ ਪੁੱਤਰਾਂ ਨੇ ਵੀ ਕਦੇ ਪੈਸੇ ਲਏ ਹਨ ? ਪਰ ਅਜ ਅਸੀਂ ਉਨ੍ਹਾਂ ਮਹਾਨ ਸਤਿਗੁਰਾਂ, ਜਿਨ੍ਹਾਂ ਨੇ ਸਾਡੇ ਲਈ ਆਪਣੇ ਪੰਜ-ਭੂਤਕ ਸਰੀਰ ਉਤੇ ਕਈ ਪ੍ਰਕਾਰ ਦੇ ਅਕਹਿ ਤੇ ਅਸਹਿ ਕਸ਼ਟ ਝਲ ਕੇ, ਅਕਾਲ ਪੁਰਖ ਦੇ ਭਾਣੇ ਵਿਚ ਰਹਿਣ ਦਾ ਸਬਕ ਸਿਖਾਇਆ, ਅੱਜ ਅਸੀਂ ਉਨ੍ਹਾਂ ਦੇ ਪਵਿੱਤਰ ਪੁਰਬਾਂ ਉਤੇ ਕੀਰਤਨ ਤੇ ਕਥਾ ਆਦਿ ਸੁਣਾ ਕੇ ਮਾਇਆ ਇਕੱਠੀ ਕਰਦੇ ਹਾਂ, ਕੀ ਇਹ ਯੋਗ ਹੈ ? ਸ੍ਰੀ ਗੁਰੂ ਰਾਮਦਾਸ ਜੀ ਦਾ ਪਵਿਤਰ ਵਾਕ ਹੈ —

> ਜਿਥੈ ਥੋੜਾ ਧਨੁ ਵੇਖੈ, ਤਿਥੈ ਤਪਾ ਭਿਟੈ ਨਾਹੀ,
> ਧਨਿ ਬਹੁਤੈ ਡਿਠੈ ਤਪੈ ਧਰਮ ਹਾਰਿਆ ॥
> ਭਾਈ, ਏਹ ਤਪਾ ਨ ਹੋਵੀ, ਬਗਲਾ ਹੈ,
> ਬਹਿ ਸਾਧ ਜਨਾ ਵੀਚਾਰਿਆ ॥

[ਪੰਨਾ ੩੧੫

ਇਸ ਵੇਲੇ ਕਈ ਪ੍ਰਸਿਧ ਰਾਗੀ ਜਥਿਆਂ ਦਾ ਇਹੋ ਹਾਲ ਹੈ । ਉਹ ਕੀਰਤਨ ਦੀ ਭੇਟਾ ਚੁਕਾਉਂਦੇ ਹਨ ਅਤੇ ਸਾਮੀਆਂ ਤਾੜਦੇ ਰਹਿੰਦੇ ਹਨ । ਜਿਥੋਂ ਉਨ੍ਹਾਂ ਨੂੰ ਬਹੁਤੀ ਮਾਇਆ ਮਿਲਣ ਦੀ ਆਸ ਹੁੰਦੀ ਹੈ, ਉਥੇ ਹਾਂ ਕਰਦੇ ਹਨ, ਨਹੀਂ ਤਾਂ ਟਾਲ-ਮਟੋਲ ਕਰ ਕੇ ਇਹ ਆਖ ਦਿੰਦੇ ਹਨ, "ਸਰਦਾਰ ਜੀ ! ਸਾਡਾ ਪ੍ਰੋਗਰਾਮ ਇਕ ਹੋਰ ਥਾਂ ਬੁਕ ਹੋ ਚੁਕਿਆ ਹੈ, ਇਸ ਲਈ ਖਿਮਾ ਦੇ ਜਾਚਕ ਹਾਂ ।" ਪਰ ਉਨ੍ਹਾਂ ਪੈਰਾਂ ਤੇ ਹੀ ਜੇ ਕੋਈ ਮਾਇਆ-ਧਾਰੀ ਕੀਰਤਨ ਲਈ ਸੱਦਾ ਦੇਵੇ ਤਾਂ ਉਸ ਨੂੰ ਝਟ ਹੀ ਹਾਂ ਕਰ ਦਿੰਦੇ ਹਨ । ਗੁਰਪੁਰਬਾਂ ਦੇ ਅਵਸਰਾਂ ਤੇ ਦੋ ਤਿੰਨ ਦਿਨ ਜਾਂ ਹਫ਼ਤੇ ਲਈ ਇਕ ਹਜ਼ਾਰ ਜਾਂ ਇਸ ਤੋਂ ਵਧ ਰਕਮ ਮੰਗਣੀ, ਅਰਦਾਸਿਆਂ ਦੀ ਵੀ ਮਾਇਆ ਲੈਣੀ, ਕਿਥੋਂ ਦੀ ਗੁਰਮਤਿ ਹੈ ? ਫਿਰ ਇਥੇ ਹੀ ਬਸ ਨਹੀਂ, ਸਾਡੇ ਅਜਿਹੇ ਪ੍ਰਸਿਧ ਰਾਗੀ ਜਥੇ ਵੀ ਹਨ ਜਿਨ੍ਹਾਂ ਦੇ ਤਰ੍ਹਾਂ ਤਰ੍ਹਾਂ ਦੇ ਵਪਾਰ ਚਲ ਰਹੇ ਹਨ ।



www.AKJ.Org

ਇਸ ਤੋਂ ਛੁਟ ਜਿਹੜੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਹਨ, ਉਨ੍ਹਾਂ ਨੂੰ ਜਦੋਂ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਨਾਲ ਬਾਹਰ ਸ਼ਹਿਰਾਂ ਵਿਚ ਭੇਜਿਆਂ ਜਾਂਦਾ ਹੈ ਤਾਂ ਉਥੇ ਉਨ੍ਹਾਂ ਨੂੰ ਕੀਰਤਨ-ਭੇਟਾ ਵਜੋਂ ਬਹੁਤ ਮਾਇਆ ਮਿਲਦੀ ਹੈ, ਪਰ ਉਹ ਉਥੋਂ ਦੇ ਪ੍ਰਬੰਧਕਾਂ ਨਾਲ ਮਿਲ ਕੇ ਮਾਇਆ ਦੀ ਪੂਰੀ ਰਸੀਦ ਹੀ ਨਹੀਂ ਕਟਾਉਂਦੇ, ਸਗੋਂ ਬਹੁਤਾ ਗਫਾ ਆਪਣੇ ਖੀਸੇ ਵਿਚ ਹੀ ਪਾ ਲੈਂਦੇ ਹਨ, ਹਾਲਾਂਕਿ ਉਨ੍ਹਾਂ ਨੂੰ ਸ੍ਰਕਾਰੀ ਕਰਮਚਾਰੀਆਂ ਵਾਂਗ ਸਫ਼ਰੀ ਭੱਤਾ ਆਦਿ ਵੀ ਮਿਲਦਾ ਹੈ । ਕੀਰਤਨ-ਭੇਟਾ ਇਕ ਤਰ੍ਹਾਂ ਭੋਗ ਦੀ ਪ੍ਰਤੀਕ ਵੀ ਮੰਨੀ ਜਾਂਦੀ ਹੈ, ਕਿਉਂਕਿ ਜਦੋਂ ਰਾਗੀ ਸਿੰਘਾਂ ਦੇ ਵਾਜਿਆਂ ਤੇ ਮਾਇਆ ਰਖੀ ਜਾਂਦੀ ਹੈ ਤਾਂ ਉਹ ਸਮਝ ਜਾਂਦੇ ਹਨ ਕਿ ਹੁਣ ਭੋਗ ਪਾਉਣਾ ਹੈ । ਕਈ ਵਾਰੀ ਵੇਖਿਆ ਜਾਂਦਾ ਹੈ ਜਦੋਂ ਮਾਇਆ ਭੇਟਾ ਹੁੰਦੀ ਰਹੇ ਤਾਂ ਰਾਗੀ ਸਿੰਘ ਸਮੇਂ ਦੇ ਪਾਬੰਦ ਨਹੀਂ ਰਹਿੰਦੇ, ਭਾਵ ਕੀਰਤਨ ਕਰੀ ਜਾਂਦੇ ਹਨ, ਪਰ ਗੁਰਪੁਰਬ ਦੇ ਸਮੇਂ ਜਾਂ ਘਰਾਂ ਵਿਚ ਕਿਸੇ ਕਾਰਨ ਦੋ ਸ਼ਬਦ ਹੋਰ ਸੁਣਾਉਣ ਲਈ ਆਖਿਆ ਜਾਏ ਤਾਂ ਝਟ ਖਿਝ ਜਾਂਦੇ ਹਨ । ਅਸਲ ਵਿਚ ਇਹੋ ਹੀ ਮਾਇਆ ਦੀ ਨਿਸ਼ਾਨੀ ਹੈ—

> ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥
> ਬੋਲੈ ਕਉੜਾ ਜਿਹਬਾ ਕੀ ਫੂੜਿ॥
>
> [ਪੰਨਾ ੩੯੪

ਇਸ ਤਰ੍ਹਾਂ ਦੀ ਬਿਰਤੀ ਮਾਇਆ-ਮੋਹ ਦੇ ਚਿਕੜ ਵਿਚ ਫਸੇ ਦੁਨਿਆਵੀ ਲੋਕਾਂ ਦੀ ਹੁੰਦੀ ਹੈ । ਕੀਰਤਨ ਕਰਨ ਵਾਲਿਆਂ ਨੂੰ ਗੁਰਦੇਵ ਜੀ ਦੇ ਅਮੋਲਕ ਬਚਨਾਂ ਦੀ ਸੋਝੀ ਹੋਣੀ ਚਾਹੀਦੀ ਹੈ ਕਿ—

> ਵਡੇ ਵਡ ਰਾਜਨ ਅਰੁ ਭੂਮਨ,
> ਤਾ ਕੀ ਤ੍ਰਿਸਨ ਨ ਬੂਝੀ ॥
> ਲਪਟਿ ਰਹੇ ਮਾਇਆ ਰੰਗ ਮਾਤੇ,
> ਲੋਚਨ ਕਛੂ ਨ ਸੂਝੀ ॥੧॥
> ਬਿਖਿਆ ਮਹਿ ਕਿਨਹੀ ਤ੍ਰਿਪਤਿ ਨ ਪਾਈ॥
> ਜਿਉ ਪਾਵਕੁ ਈਧਨਿ ਨਹੀ ਧ੍ਰਾਪੈ,
> ਬਿਨੁ ਹਰਿ ਕਹਾ ਅਘਾਈ ॥
>
> [ਪੰਨਾ ੬੭੨

ਪਰ ਇਸ ਵੇਲੇ ਸਾਰੀ ਤਾਣੀ ਹੀ ਉਲਝੀ ਪਈ ਹੈ । ਕੀ ਕੀਤਾ ਜਾਵੇ ! ਕਈ ਸਤਿਸੰਗੀ ਕੀਰਤਨ ਅਰੰਭ ਹੋਣ ਤੋਂ ਪਹਿਲਾਂ ਹੀ ਰਾਗੀ ਜਥੇ ਦੇ ਵਾਜਿਆਂ ਤੇ ਮਾਇਆ-ਭੇਟਾ ਕਰਨੀ ਸ਼ੁਰੂ ਕਰ ਦਿੰਦੇ ਹਨ । ਇਸ ਤੋਂ ਇਹ ਪਰਗਟ ਹੁੰਦਾ ਹੈ ਕਿ ਅਜਿਹੇ ਸਤਿਸੰਗੀਆਂ ਨੂੰ ਕੀਰਤਨ-ਪਿਆਰ ਤੇ ਗੁਰਬਾਣੀ-ਵਿਚਾਰ ਦੀ ਸੋਝੀ ਨਹੀਂ । ਕਈ ਵੇਖਾ ਵੇਖੀ ਮਾਇਆ ਭੇਟਾ ਕਰਨ ਵਿਚ ਬੜਾ ਪੁੰਨ-ਕਰਮ ਸਮਝਦੇ ਹਨ, ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਮਾਇਆ ਦੇਣ ਲੈਣ ਦਾ ਇਕ ਕੁਚਸਕਾ ਜਿਹਾ ਬਣਿਆ ਹੈ, ਸਾਰਥਕ ਕਿਰਿਆ ਤੋਂ ਲੋਕੀਂ ਵਿਰਵੇ ਹੀ ਹਨ । ਗੁਰਪੁਰਬਾਂ ਅਤੇ ਹੋਰ ਕਈ ਸਮਾਗਮਾਂ ਤੇ ਸੰਤਾਂ, ਪ੍ਰਚਾਰਕਾਂ ਤੇ ਪਤਵੰਤੇ ਲੋਕਾਂ ਨੂੰ ਵੀ ਵਿਦਾਇਗੀ ਸਮੇਂ ਸਿਰੋਪਾਉ ਵਜੋਂ ਮਾਇਆ ਭੇਟ ਕੀਤੀ ਜਾਂਦੀ ਹੈ । ਜੇ ਇਸ ਬਾਰੇ ਠੰਡੇ ਦਿਮਾਗ਼ ਨਾਲ ਸੋਚਿਆ ਜਾਏ ਤਾਂ ਸਿਰਪਾਉ ਤੋਂ ਭਾਵ ਸਿਰ ਤੇ ਬੰਨ੍ਹਣ ਵਾਲੀ ਦਸਤਾਰ ਹੈ, ਨਾ ਕਿ ਮਾਇਆ । ਆਪਣੇ ਆਪ ਨੂੰ ਮਾਇਆ ਤੋਂ ਰਹਿਤ ਸਦਾਉਣ ਵਾਲੇ ਕਈ ਅਖੌਤੀ ਸੰਤ ਗੁਰੂ ਘਰ ਦੀ ਅਜਿਹੀ ਮਾਇਆ ਲੈਣ ਤੋਂ ਇਕ ਵਾਰੀ ਵੀ ਨਾਂਹ ਨਹੀਂ ਕਰਦੇ, ਪਰ ਗਰਮੁਖ ਆਤਮਾਵਾਂ ਗੁਰੂ ਘਰ ਦੀ ਸਚੀ ਸੁਚੀ ਸੇਵਾ ਦੀ ਘਾਲ ਕਮਾਈ ਨਾਲ ਸੇਵਕ ਬਣ ਕੇ ਸਚੇ ਦਰਬਾਰ 'ਚੋਂ ਸਿਫ਼ਤ ਸਲਾਹ ਰੂਪੀ ਕਪੜੇ ਦਾ ਸਿਰੋਪਾ ਲੈਣ ਦੀਆਂ ਪਾਤਰ ਬਣਦੀਆਂ ਹਨ।

ਨਾਮ-ਕੀਰਤਨ ਦੇ ਰਸੀਏ ਭਾਈ ਵੀਰ ਸਿੰਘ ਜੀ ਦੇ ਸਬਦਾਂ ਵਿਚ "ਕੀਰਤਨੀਏ ਲਈ ਜਗਤ ਦੀ ਵਾਹ ਵਾਹ ਬੜੀ ਹਾਨੀਕਾਰਕ ਹੁੰਦੀ ਹੈ । ਸੁੱਚੇ ਕੀਰਤਨੀਏ ਨੂੰ ਜਗਤ ਇਸੇ ਤਰ੍ਹਾਂ ਹੀ ਡੇਗਦਾ ਹੈ । ਜਗਤ ਕੱਖ (ਤੂੜੀ) ਪਾ ਕੇ ਅੰਮ੍ਰਿਤ (ਦੁੱਧ) ਚੋਣਾ ਜਾਣਦਾ ਹੈ ਤੇ ਜਗਤ ਦਾ ਰਵਈਆ ਹਰ ਪਾਸੇ ਇਸੇ ਤਰ੍ਹਾਂ ਦਾ ਵਰਤ ਰਿਹਾ ਹੈ । ਉਹੀ ਕੀਰਤਨੀਆ ਬਚ ਸਕਦਾ ਹੈ ਜਿਸ ਨੇ ਇਕ ਨਾਮ ਦੀ ਟੇਕ ਰਖੀ ਹੋਵੇ, ਜੋ ਕੀਰਤਨ ਸਤਿਗੁਰੂ ਨੂੰ ਸੁਣਾਉਂਦਾ ਹੋਵੇ, ਜਗਤ ਦੀ ਨਿੰਦਿਆ ਉਸਤਤੀ ਤੋਂ ਬੇਪ੍ਰਵਾਹ ਹੋਵੇ । ਹਾਂ, ਅਜਿਹੇ ਕੀਰਤਨੀਏ ਦੀ ਸਤਿਗੁਰੂ ਬਹੁੜੀ ਕਰਦਾ ਹੈ ।" ਇਸੇ ਤਰ੍ਹਾਂ ਮਾਇਆ ਦੀ ਝਲਕ ਨੂੰ ਬੜੇ ਸੁੰਦਰ ਅਖਰਾਂ ਵਿਚ ਵਿਆਖਦੇ



www.AKJ.Org

ਹੋਏ ਕੀਰਤਨੀਆਂ ਨੂੰ ਸਾਈਂ ਦੀ ਹਜ਼ੂਰੀ ਵਿਚ ਟਿਕਾਉਣ ਦਾ ਸੁਝਾਉ ਦਿੰਦੇ ਹਨ :—

"ਦੀਵਾਨ ਵਿਚ ਭਾਵੇਂ ਕਿਉਂ ਨਾ ਕੋਈ ਰਾਜਾ ਮਹਾਰਾਜਾ ਹੋਵੇ, ਕੀਰਤਨੀਏ ਦਾ ਧਿਆਨ ਉਧਰ ਜਾਣਾ ਹੀ ਨਹੀਂ ਚਾਹੀਏ ਕਿ ਮੈਂ ਕੀਰਤਨ ਮਨੁੱਖ ਰਾਜੇ ਨੂੰ ਸੁਣਾ ਰਿਹਾ ਹਾਂ। ਕਿਉਂਕਿ ਪ੍ਰਤੱਖ ਵਿਚ ਜੇ ਰਾਜਾ ਪ੍ਰਸੰਨ ਹੋ ਗਿਆ ਤਾਂ ਉਹ ਮਾਇਆ ਦੇਵੇਗਾ। ਮਾਇਆ ਕੀ ਸਾਰੇਗੀ ? ਸੰਸਾਰ ਦੇ ਕੰਮ; ਪਰ ਚਿਤ ਦੀ ਬ੍ਰਿਤੀ ਸਤਿਗੁਰੂ ਨਾਨਕ ਜੀ ਦੇ ਦਰ ਤੋਂ ਨੀਵੀਂ ਹੋ ਕੇ ਇਕ ਮਨੁੱਖ ਦੇ ਬੂਹੇ ਤੇ ਜਾਚਕ ਬਣ ਖੜੋਵੇਗੀ। ਮਨੁੱਖ ਮਾਇਆ ਦੇ ਸਿਵਾਇ ਹੋਰ ਕੀ ਦੇ ਸਕਦਾ ਹੈ ਤੇ ਮਾਇਆ ਪਰਲੋਕ ਵਿਚ ਕੀ ਸਹਾਇਤਾ ਕਰ ਸਕਦੀ ਹੈ ?"

ਇਸ ਵਿਚਾਰਧਾਰਾ ਦਾ ਇਹ ਤਾਤਪਰਜ ਨਹੀਂ ਕ ਰਾਗੀ ਜਥਿਆਂ ਨੂੰ ਮਾਇਆ ਦਿਤੀ ਹੀ ਨਾ ਜਾਵੇ, ਕਿਉਂਕਿ ਭਾਈ ਸਾਹਿਬ ਨੇ ਗੁਰਮੁਖ ਸਤਿਸੰਗੀਆਂ ਦੀ ਇਕ ਬੈਠਕ ਵਿਚ ਆਪਣੇ ਵਿਚਾਰ ਇਉਂ ਪ੍ਰਗਟਾਏ ਸਨ। ਇਕ ਵਾਰੀ ਭਾਈ ਹੀਰਾ ਸਿੰਘ ਜੀ ਰਾਗੀ ਬਾਰੇ ਕਿਸੇ ਗੁਰਮੁਖ ਵੀਰ ਨੇ ਆਖਿਆ ਕਿ ਕਾਸ਼ ਜੇ ਉਹ ਮਾਇਆ ਤੋਂ ਰਹਿਤ ਹੁੰਦੇ ਤਾਂ ਭਾਈ ਵੀਰ ਸਿੰਘ ਜੀ ਨੇ ਅਗੋਂ ਆਖਿਆ ਕਿ ਕਾਸ਼ ਜੇ ਉਹ ਮਾਇਆਧਾਰੀ ਹੁੰਦੇ। ਭਾਈ ! ਜੇ ਉਹ ਮਾਇਆ ਤੋਂ ਰਹਿਤ ਹੁੰਦੇ ਤਾਂ ਸਾਨੂੰ ਸਾਈਂ ਦਾ ਕੀਰਤਨ ਕਿਵੇਂ ਸੁਣਾਉਂਦੇ, ਕਿਵੇਂ ਸੰਗਤਾਂ ਵਿਚ ਗੁਰਬਾਣੀ ਦਾ ਪਰਚਾਰ ਕਰਦੇ; ਉਹ ਕਿਉਂ ਨਾ ਕਿਸੇ ਇਕਾਂਤ ਵਿਚ ਆਪਣਾ ਸਮਾਂ ਬਤੀਤ ਕਰਦੇ ? ਉਨ੍ਹਾਂ ਨੂੰ ਮਾਇਆ ਦੀ ਥੋੜੀ ਜਿਹੀ ਲਾਲਸਾ ਸੀ, ਜਿਸ ਕਰਕੇ ਸਾਨੂੰ ਉਨ੍ਹਾਂ ਪਵਿੱਤਰ ਆਤਮਾਵਾਂ ਦੇ ਦਰਸ਼ਨ ਹੁੰਦੇ ਰਹੇ। ਇਸ ਤਰ੍ਹਾਂ ਗੁਰਬਾਣੀ ਵਿਚ ਪ੍ਰਭੂ ਦਾ ਸੰਦੇਸ਼ਾ ਦੇਣ ਵਾਲਿਆਂ ਨੂੰ ਤਨ, ਮਨ, ਧਨ, ਭਾਵ ਸਭ ਕੁਝ ਭੇਟ ਕਰਨ ਦਾ ਆਦੇਸ਼ ਮਿਲਦਾ ਹੈ :—

੧. ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ,
ਤਿਸੁ ਮਨੁ ਤਨੁ ਆਪਣਾ ਦੇਵਾ ॥
ਨਿਤ ਪਖਾ ਫੇਰੀ ਸੇਵ ਕਮਾਵਾ,
ਤਿਸੁ ਆਗੈ ਪਾਣੀ ਢੋਵਾ ॥
[ਪੰਨਾ ੫੯੧

੨, ਪਿਰੁ ਸਾਲਾਹਨਿ ਆਪਣਾ,
ਤਿਨ ਕੈ ਹਉ ਸਦ ਬਲਿਹਾਰੈ ਜਾਉ ॥
ਮਨੁ ਤਨੁ ਅਰਪੀ ਸਿਰੁ ਦੇਈ,
ਤਿਨ ਕੈ ਲਾਗਾ ਪਾਇ ॥
[ਪੰਨਾ ੩੮

੩. ਹਉ ਮਨੁ ਅਰਪੀ ਸਭੁ ਤਨੁ ਅਰਪੀ,
ਅਰਪੀ ਸਭਿ ਦੇਸਾ ॥
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ,
ਜੋ ਪ੍ਰਭ ਦੇਇ ਸਦੇਸਾ ॥
[ਪੰਨਾ ੨੪੭

ਪ੍ਰਭੂ ਦੇ ਦਰਸ਼ਨ ਪਿਆਸਿਆਂ ਨੂੰ ਮਾਇਆ ਭੇਟ ਕਰਨ ਦੀ ਇਤਨੀ ਸਿੱਕ ਨਹੀਂ ਹੁੰਦੀ ਜਿਤਨੀ ਕਿ ਉਨ੍ਹਾਂ ਤੋਂ ਆਪਣਾ ਆਪ ਵਾਰਨ ਦੀ। ਸ੍ਰੀ ਗੁਰੂ ਅਰਜਨ ਦੇਵ ਜੀ ਕੀਰਤਨ-ਭੇਟਾ ਦੀ ਜਾਚ ਸਾਨੂੰ ਇਉਂ ਸਿਖਾਉਂਦੇ ਹਨ :—

੧. ਤੈ ਸਾਹਿਬ ਕੀ ਬਾਤ ਜਿ ਆਖੈ,
ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ,
ਵਿਣੁ ਸਿਰ ਸੇਵ ਕਰੀਜੈ ॥
[ਪੰਨਾ ੫੫੮

੨. ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥
ਚਰਨ ਗਹਉ ਬਕਉ ਸੁਭ ਰਸਨਾ,
ਦੀਜਹਿ ਪ੍ਰਾਨ ਅਕੋਰਿ ॥
[ਪੰਨਾ ੭੦੧

ਪੂਜਾ ਹਮੇਸ਼ਾ ਪੂਰਨ ਪੁਰਸ਼ਾਂ ਦੀ ਹੁੰਦੀ ਹੈ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਹੜੇ ਕਿ ਕੀਰਤਨ-ਦਰਬਾਰ ਵਿਚ ਆਪਣੇ ਸਿੰਘਾਸਨ ਤੇ ਸੁਭਾਇਮਾਨ ਹੁੰਦੇ ਹਨ, ਨੂੰ ਛਡ ਕੇ ਗੁਰੂ ਦੇ ਸੇਵਕਾਂ ਨੂੰ ਮਾਇਆ ਭੇਟ ਕਰਨੀ ਤੇ ਮੱਥੇ ਟੇਕਣੇ ਕਿਥੋਂ ਦੀ ਸਿਆਣਪ ਹੈ ? ਇਹ ਤਾਂ ਇਕ ਤਰ੍ਹਾਂ ਗੁਰੂ ਦੀ ਨਿਰਾਦਰੀ ਕਰਨ ਤੁਲ ਹੈ। ਇਸ ਲਈ ਕੀਰਤਨ ਦੀ ਸਮਾਪਤੀ ਤੋਂ ਉਪਰੰਤ ਸਰਬ-ਸਾਂਝੀ ਅਰਦਾਸ ਅਤੇ ਗੁਰਦੇਵ ਜੀ ਅਗੇ ਹੀ



www.AKJ.Org

ਮਾਇਆ ਤੇ ਹੋਰ ਪਦਾਰਥ ਅਰਪਨ ਕਰਨੇ ਸੋਭਦੇ ਹਨ। ਰਬੀ ਕੀਰਤਨ ਦੇ ਇਕ ਰਸ ਪਰਵਾਹ ਵਿਚ ਨਾਂ ਲੈ ਲੈ ਕੇ ਮਾਇਆ ਦੇ ਅਰਦਾਸੇ ਕਰਨੇ ਤੇ ਕਰਵਾਉਣੇ ਯੋਗ ਨਹੀਂ, ਕਿਉਂਕਿ ਜਦੋਂ ਰਾਗੀ ਸਿੰਘ ਇਕ ਰੁਪਿਆ ਲੈ ਕੇ ਇਹ ਆਖਦੇ ਹਨ 'ਏਕ ਤੋਂ ਅਨੇਕ ਹੋਣ, ਬੀਜਿਆ ਹਰਿਆ ਹੋਵੇ' ਤਾਂ ਕੀਰਤਨ-ਸ੍ਰੋਤਿਆਂ ਦੀ ਸਾਈਂ ਨਾਲੋਂ ਵਿਥ ਪੈ ਜਾਂਦੀ ਹੈ। ਇਸ ਤਰ੍ਹਾਂ ਕੀਰਤਨ ਨਾਲ ਓਤ-ਪੋਤ ਹੋਈਆਂ ਗੁਰਮੁਖ ਰੂਹਾਂ ਨੂੰ ਸਾਈਂ ਨਾਲੋਂ ਉਖੇੜਨਾ ਪਾਪਾਂ ਦਾ ਭਾਗੀ ਬਣਨਾ ਹੈ। ਜੇ ਰਾਗੀ ਸਿੰਘ ਅਤੇ ਪ੍ਰੇਮੀ ਗੁਰਦੇਵ ਜੀ ਦੇ ਹੇਠ ਲਿਖੇ ਸ਼ਬਦ ਦੇ ਨਿਰਮਲ ਵਿਚਾਰ ਨੂੰ ਆਪਣੀ ਜੀਵਨ-ਵਰਤੋਂ ਵਿਚ ਲੈ ਆਉਣ ਤਾਂ ਨਿਸਚੇ ਹੀ ਮਾਇਕ ਰੁਚੀਆਂ ਦਾ ਵਿਨਾਸ਼ ਹੋ ਸਕਦਾ ਹੈ :—

ਗਹੁ ਕਰਿ ਪਕਰੀ, ਨ ਆਈ ਹਾਥਿ ॥
ਪ੍ਰੀਤਿ ਕਰੀ, ਚਾਲੀ ਨਹੀ ਸਾਥਿ ॥
ਕਹੁ ਨਾਨਕ, ਜਉ ਤਿਆਗਿ ਦਈ ॥
ਤਬ ਓਹ ਚਰਣੀ ਆਇ ਪਈ ॥੧॥
ਸੁਣਿ ਸੰਤਹੁ, ਨਿਰਮਲ ਬੀਚਾਰ ॥
ਰਾਮ ਨਾਮ ਬਿਨੁ ਗਤਿ ਨਹੀ ਕਾਈ,
ਗੁਰੁ ਪੂਰਾ ਭੇਟਤ ਉਧਾਰ ॥੧॥ਰਹਾਉ॥
ਜਬ ਉਸ ਕਉ ਕੋਈ ਦੇਵੈ ਮਾਨੁ ॥
ਤਬ ਆਪਸ ਊਪਰਿ ਰਖੈ ਗੁਮਾਨੁ ॥
ਜਬ ਉਸ ਕਉ, ਕੋਈ ਮਨਿ ਪਰਹਰੈ ॥
ਤਬ ਓਹੁ ਸੇਵਕਿ ਸੇਵਾ ਕਰੈ ॥੨॥
ਮੁਖਿ ਬੇਰਾਵੈ, ਅੰਤਿ ਠਗਾਵੈ ॥
ਇਕਤੁ ਠਉਰ ਓਹ ਕਹੀ ਨ ਸਮਾਵੈ ॥
ਉਨਿ ਮੋਹੇ ਬਹੁਤੇ ਬ੍ਰਹਮੰਡ ॥
ਰਾਮ ਜਨੀ ਕੀਨੀ ਖੰਡ ਖੰਡ ॥੩॥
ਜੋ ਮਾਗੈ, ਸੋ ਭੂਖਾ ਰਹੈ ॥
ਇਸੁ ਸੰਗਿ ਰਾਚੈ, ਸੁ ਕਛੂ ਨ ਲਹੈ ॥
ਇਸਹਿ ਤਿਆਗਿ, ਸਤਸਗਤਿ ਕਰੈ ॥
ਵਡਭਾਗੀ ਨਾਨਕ ਓਹੁ ਤਰੈ ॥

[ਪੰ: ੮੯੧—੯੨

ਇਸ ਲਈ ਗੁਰ-ਆਸੇ ਅਨੁਸਾਰ ਸਾਡੀਆਂ ਧਾਰਮਕ ਜਥੇਬੰਦੀਆਂ ਨੂੰ ਕੀਰਤਨ-ਭੇਟਾ ਸਬੰਧੀ ਕੋਈ ਸੁਚੱਜੇ ਨਿਯਮ ਬਣਾਉਣੇ ਚਾਹੀਦੇ ਹਨ ਤਾਂ ਜੁ ਇਕ ਨਵੀਂ ਜੀਵਨ-ਕ੍ਰਾਂਤੀ ਦੀ ਲਹਿਰ ਚਲ ਪਵੇ। ਰਾਗੀ ਸਿੰਘਾਂ ਨੂੰ ਰਾਗ-ਵਿਦਿਆ 'ਚੋਂ ਨਿਪੁੰਨ ਕਰਨ ਲਈ, ਗੁਰਬਾਣੀ ਅਰਥ ਬੋਧ ਲਈ ਚਾਟਸਾਲਾਂ ਖੋਲ੍ਹੀਆਂ ਜਾਣ ਅਤੇ ਪ੍ਰੀਖਿਆ ਵਿਚੋਂ ਸਫ਼ਲ ਹੋਏ ਪ੍ਰਾਰਥਕਾਂ ਨੂੰ ਵੀ ਕੀਰਤਨ ਸੇਵਾ ਲਈ ਨਿਯੁਕਤ ਕੀਤਾ ਜਾਇਆ ਕਰੇ। ਗੁਰਦੁਆਰਿਆਂ ਦੇ ਨਿਯਮਾਂ ਉਪਨਿਯਮਾਂ ਵਿਚ ਇਕ ਅਜਿਹੀ ਧਾਰਾ ਰਖੀ ਜਾਏ ਜਿਸ ਦੇ ਅਧੀਨ ਅਜਿਹੇ ਰਾਗੀ ਜਥਿਆਂ ਨੂੰ ਰਜਵੀਂ ਰੋਟੀ ਤੇ ਕਪੜਾ ਦਿਤਾ ਜਾਏ। ਰਾਗੀ ਸਿੰਘਾਂ ਦੇ ਪਰਵਾਰਕ ਖਰਚਾਂ ਨੂੰ ਮੁਖ ਰਖਿਆ ਜਾਏ ਅਤੇ ਵਿਸ਼ੇਸ਼ ਕਰਕੇ ਉਨ੍ਹਾਂ ਦੀ ਸੰਤਾਨ ਨੂੰ ਉਚੀ ਪਧਰ ਦੀ ਮੁਫ਼ਤ ਵਿਦਿਆ ਦਿਤੀ ਜਾਏ ਤਾਂ ਜੁ ਉਹ ਪੰਥਕ ਸੇਵਾ ਨੂੰ ਨਿਭਾਉਣ ਲਈ ਤਤਪਰ ਰਹਿਣ। ਜਿਹੜੇ ਰਾਗੀ ਸਿੰਘ ਸ਼ਰਾਬ, ਅਫ਼ੀਮ, ਭੰਗ, ਪੋਸਤ ਆਦਿ ਨਸ਼ਿਆਂ ਦਾ ਸੇਵਨ ਕਰਦੇ ਹੋਣ, ਉਹ ਰਾਗ ਵਿਦਿਆ ਜਾਂ ਵਿਚਾਰ ਪਖੋਂ ਕਿਤਨੀ ਹੀ ਸੂਝ ਬੂਝ ਕਿਉਂ ਨਾ ਰਖਦੇ ਹੋਣ, ਭਾਵੇਂ ਰਸੀਲੇ ਗਲੇ ਤੋਂ ਸੰਗਤਾਂ ਵੀ ਮੋਹਿਤ ਕਿਉਂ ਨਾ ਹੁੰਦੀਆਂ ਹੋਣ, ਉਨ੍ਹਾਂ ਨੂੰ ਗੁਰੂ-ਦਰਬਾਰ ਵਿਚ ਕੀਰਤਨ ਦੀ ਹਾਜ਼ਰੀ ਨਹੀਂ, ਭਰਨ ਦੇਣੀ ਚਾਹੀਦੀ, ਕਿਉਂਕਿ ਇਸਤਰ੍ਹਾਂ ਕਰਨ ਨਾਲ ਉਨ੍ਹਾਂ ਦੇ ਕਿਰਦਾਰ ਦਾ ਸੰਗਤੀ ਜੀਵਨ ਤੇ ਭੈੜਾ ਪਰਭਾਵ ਪੈਂਦਾ ਹੈ। ਇਸ ਤਰ੍ਹਾਂ ਉਹ ਆਪ ਹੀ ਨਹੀਂ ਸਗੋਂ ਸਾਰੀ ਗਾਇਕ ਪ੍ਰਣਾਲੀ ਹੀ ਕਲੰਕਤ ਹੁੰਦੀ ਹੈ। ਰਾਗੀ ਸਿੰਘ ਅੰਮ੍ਰਿਤ-ਧਾਰੀ, ਰਹਿਣੀ, ਕਹਿਣੀ ਤੇ ਕਰਨੀ ਦੇ ਪਕੇ ਹੋਣੇ ਚਾਹੀਦੇ ਹਨ। ਗ੍ਰਿਹਸਤੀ ਜੀਵਨ ਵਿਚ ਸਬਰ ਤੇ ਸੰਤੋਖ ਨਾਲ ਕੀਰਤਨ ਕਰਨ ਦਾ ਜੋ ਆਤਮਕ-ਹੁਲਾਰਾ ਮਿਲਦਾ ਹੈ, ਉਹ ਮਾਇਆ ਇਕੱਠੀ ਕਰਨ ਨਾਲ ਸੁਪਨੇ ਵਿਚ ਵੀ ਨਹੀਂ ਮਿਲ ਸਕਦਾ। ਕੀਰਤਨ-ਸਰੋਤਿਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਰਾਗੀ ਸਿੰਘਾਂ ਨੂੰ ਸਮਾਜਕ ਪਖੋਂ ਵੀ ਪੂਰਾ ਪੂਰਾ ਸਤਿਕਾਰ ਤੇ ਸਹਿਯੋਗ ਦੇਣ, ਭਾਵ 'ਭਾਈ' ਤੇ 'ਰਾਗੀ' ਨਾਮ ਨਾਲ ਨਫ਼ਰਤ ਨਾ ਕਰਨ ਤਾਂ ਜੁ ਸਾਡੇ ਰਾਗੀਆਂ ਤੇ ਗੁੰਬੀਆਂ ਦੀ ਸੰਤਾਨ ਇਸ ਸੇਵਾ ਨੂੰ ਚਾਅ ਤੇ


www.AKJ.Org

ਉਮਾਹ ਨਾਲ ਕਰਦੀ ਰਹੇ । ਇਸ ਵੇਲੇ ਇਹ ਇਕ ਭਾਰੀ ਘਾਟ ਪੈ ਰਹੀ ਹੈ ਕਿ ਸਾਡੇ ਰਾਗੀਆਂ ਤੇ ਗ੍ਰੰਥੀਆਂ ਦੇ ਬੱਚੇ ਪਿਉ ਦਾਦੇ ਦੀ ਕਾਰ ਨੂੰ ਛਡਦੇ ਜਾ ਰਹੇ ਹਨ, ਕਿਉਂਕਿ ਸਮਾਜਕ ਜੀਵਨ ਵਿਚ ਅਸੀਂ ਉਨ੍ਹਾਂ ਦੇ ਭਾਈਵਾਲ ਨਹੀਂ ਬਣਦੇ।

ਕਈ ਪ੍ਰੇਮੀ ਸਿਖ, ਗੁਰੂ ਕੇ ਕੀਰਤਨੀਏ, ਕੀਰਤਨ ਭੇਟਾ ਮਾਇਆ ਨਹੀਂ ਲੈਂਦੇ । ਕਈ ਅਜਿਹੇ ਵੀ ਹਨ ਜੋ ਨੌਕਰੀ, ਦੁਕਾਨਦਾਰੀ ਕਰਦੇ ਹੋਏ ਵੀ ਕੀਰਤਨ-ਭੇਟ ਲੈਣ ਤੋਂ ਸੰਕੋਚ ਨਹੀਂ ਕਰਦੇ । ਜੇ ਅਜਿਹੇ ਪ੍ਰੇਮੀ ਸਿਖਾਂ ਦੀ ਘਰੋਗੀ ਹਾਲਤ ਬਹੁਤ ਨਿਘਰੀ ਹੋਈ ਹੋਵੇ ਤਾਂ ਉਹ ਵਿਹਲੇ ਸਮੇਂ ਵਿਚ ਰਾਗ ਵਿਦਿਆ ਸਿਖ ਕੇ ਭਾਵੇਂ ਨਿਰਬਾਹ ਮਾਤਰ ਮਾਇਆ ਲੈ ਲੈਣ । ਪਰ ਅਜਿਹਾ ਕਰਨਾ ਉਚਿਤ ਨਹੀਂ ਜਿਵੇਂ ਕਿ ਅਜ ਕਲ ਕਈ ਰਾਗੀ ਤੇ ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕੀ ਹੋਈ ਮਾਇਆ (ਗੁਰੂ ਗੋਲਕ) ਲੈਣ ਤੋਂ ਵੀ ਗੁਰੇਜ਼ ਨਹੀਂ ਕਰਦੇ । ਕਿਤਨਾ ਚੰਗਾ ਹੋਵੇ ਜੇ ਸਾਡੀਆਂ ਸਿੰਘ ਸਭਾਵਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਗੁਰੂ-ਗੋਲਕ ਦੀ ਯੋਗ ਵਰਤੋਂ ਕਰਨ। ਗੁਰਦੁਆਰਾ ਸਟੇਜਾਂ ਤੋਂ ਇਹ ਪਰਸਾਰ ਕਰਨ, "ਸਾਧ ਸੰਗਤ ਜੀ ! ਕੀਰਤਨ-ਭੇਟਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਰਖੋ; ਰਾਗੀ ਸਿੰਘ ਨੂੰ ਗੁਰਦੁਆਰਾ-ਫ਼ੰਡ ਵਿਚੋਂ ਮਾਇਆ ਦਿਤੀ ਜਾਵੇਗੀ।"

ਗੁਰਬਾਣੀ ਦਾ ਕੀਰਤਨ ਪਰਤੱਖ ਗੁਰੂ ਦੇ ਦਰਸ਼ਨ ਹਨ । ਇਸ ਪਰਮ ਪਵਿੱਤਰ ਦਰਸ਼ਨ ਅਗੇ ਮਾਇਕ-ਭੇਟਾ ਨਾਲੋਂ ਜੇ ਸੀਸ-ਭੇਟਾ ਰਖੀ ਜਾਵੇ ਤਾਂ 'ਨਾਨਕ ਨਦਰੀ ਨਦਰ ਨਿਹਾਲ' ਦਾ ਸੁਭਾਗ ਪ੍ਰਾਪਤ ਕੀਤਾ ਜਾ ਸਕਦਾ ਹੈ । ਮਾਇਕ-ਭੇਟਾ ਦੇਣ ਨਾਲ, ਰੁਪਇਆ ਰੁਪਇਆ ਅਰਦਾਸ ਕਰਨ ਤੇ ਕਰਵਾਉਣ ਨਾਲ ਜੋ ਸਭ ਤੋਂ ਵਡੀ ਘਾਟ ਪੈਂਦੀ ਹੈ, ਉਹ ਹੈ ਮਨ-ਬ੍ਰਿਤੀ ਦਾ ਖਿੰਡਾਉ । ਸੰਗਤਾਂ ਦੇ ਮਨ ਰਾਗੀਆਂ ਨੂੰ ਮਾਇਆ ਦੇਣ ਦੀ ਝਾਕ ਵਿਚ ਲਗੇ ਰਹਿੰਦੇ ਹਨ ਅਤੇ ਰਾਗੀਆਂ ਦੇ ਮਨ ਮਾਇਆ ਲੈਣ ਦੀ ਝਾਕ ਵਿਚ। ਜੇ ਸਾਰੀਆਂ ਸਿਖ ਰਹੁ-ਰੀਤੀਆਂ ਦਾ ਇਕ ਪ੍ਰਮਾਣੀਕ ਵਿਧਾਨ ਬਣਾ ਕੇ ਸਮੂਹ ਧਾਰਮਕ ਅਸਥਾਨਾਂ ਤੇ ਸਮਾਜਕ ਅਦਾਰਿਆਂ ਵਿਚ ਲਾਗੂ ਕੀਤਾ ਜਾਵੇ ਤਾਂ ਇਹ ਖ਼ਾਲਸਾ ਪੰਥ ਨੂੰ ਸਿੰਘ ਸਭਾ ਸ਼ਤਾਬਦੀ ਜਾਂ ਹੋਰ ਕਿਸੇ ਧਾਰਮਿਕ ਜਥੇਬੰਦੀ ਵਲੋਂ ਇਕ ਅਮੋਲਕ ਤੇ ਅਮਰ ਦੇਣ ਹੋਵੇਗੀ । ਆਸ ਹੈ, ਗੁਰਮਤਿ-ਸਨੇਹੀ ਵਰਤਮਾਨ ਰਹੁ-ਰੀਤੀ ਨੂੰ ਸੁਧਾਰਨ ਦਾ ਉਪਰਾਲਾ ਕਰਨਗੇ।

---

## ਕਪੂਰਥਲੇ ਵਿਚ ਕੀਰਤਨ ਰੈਣ-ਸਬਾਈ

ਅਖੰਡ ਕੀਰਤਨੀ ਜਥਾ ਕਪੂਰਥਲਾ ਦੇ ਸੇਵਾਦਾਰ ਇਤਲਾਹ ਦਿੰਦੇ ਹਨ ਕਿ ੬ ਅਪ੍ਰੈਲ ੧੯੭੪ ਸ਼ਨੀਵਾਰ ਨੂੰ ਰਾਤ ਦੇ ਅਠ ਵਜੇ ਕਪੂਰਥਲੇ ਵਿਖੇ ਰੈਣ-ਸਬਾਈ ਕੀਰਤਨ ਅਰੰਭ ਹੋਣਗੇ ਜਿਸ ਦੇ ਭੋਗ ਐਤਵਾਰ ਸਵੇਰੇ ਅਠ ਵਜੇ ਪੈਣਗੇ । ਜਲੰਧਰ, ਫਗਵਾੜਾ, ਕਪੂਰਥਲਾ ਅਤੇ ਹੋਰ ਥਾਵਾਂ ਤੋਂ ਗੁਰਸਿਖ ਗੁਰੂ ਕੇ ਕੀਰਤਨੀਏ ਪੁਜ ਰਹੇ ਹਨ। ਸੰਗਤਾਂ ਹੁਮ-ਹੁਮਾ ਕੇ ਦਰਸ਼ਨ ਬਖ਼ਸ਼ਣ।

ਪੁਛ-ਗਿਛ ਲਈ:— ੧. ਪ੍ਰੋਫ਼ੈਸਰ ਗੁਰਮੁਖ ਸਿੰਘ ਜੀ, ਰਣਧੀਰ ਕਾਲਜ ਹੋਸਟਲ, ਕਪੂਰਥਲਾ
੨. ਭਾਈ ਸਾਹਿਬ ਸੁਰਜੀਤ ਸਿੰਘ ਜੀ, ਮੈਨੇਜਰ ਸਟੇਟ ਬੈਂਕ ਆਫ਼ ਪਟਿਆਲਾ, ਕਪੂਰਥਲਾ

---

**'ਸੂਰਾ' ਮਾਸਕ ਪੱਤਰ ਦਾ ਚੰਦਾ** ਕੇਵਲ ੬—੦੦ ਰੁਪਏ ਦੇਸ ਹੈ। ਆਪਣੇ ਚੰਦੇ ਹੇਠ ਲਿਖੇ ਪਤੇ ਤੇ ਮਨੀਆਰਡਰ ਰਾਹੀਂ ਭੇਜੋ। ਹੇਠਲੇ ਕੂਪਨ ਤੇ ਪੂਰਾ ਐਡਰੈਸ ਲਿਖੋ ਜੀ।

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ।



www.AKJ.Org

# ਵੈਸਾਖੀ ਦੀਆਂ ਵਧਾਈਆਂ

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ', ਮਾਲਬ (ਗੁੜਗਾਉਂ) ]

ਦੀਨਾਂ ਅਤੇ ਦੁਖੀਆਂ ਦੇ ਸਹਾਈ ਬਾਜਾਂ ਵਾਲੇ ਗੁਰੂ
ਅਜ ਦੇ ਦਿਹਾੜੇ ਇਕ ਲਿਆਂਦਾ ਇਨਕਲਾਬ ਸੀ।
ਸਮੇਂ ਤੇ ਸਮਾਜ ਦੇ ਧ੍ਰਿਕਾਰੇ ਤ੍ਰਿਸਕਾਰੇ ਜਦੋਂ
ਰੋਂਦੇ ਕੁਰਲਾਂਦਿਆਂ ਦੀ ਹਾਲਤ ਖ਼ਰਾਬ ਸੀ।
ਕਿਰਤੀਆਂ ਤੇ ਕਾਮਿਆਂ ਲਈ ਏਹੋ ਜਿਹੇ ਮਾਹੌਲ ਵਿਚ
ਸੁਖ ਨਾਲ ਜੀਵਨ ਬਿਤਾਣਾ ਮਾਨੋ ਖ਼੍ਵਾਬ ਸੀ।
ਭਿੱਟ ਭਿੱਟ ਛੂ ਛੂ ਤੋਂ ਹੋਏ ਮਜਬੂਰ ਬੰਦੇ
ਸਮੇਂ ਦੀ ਉਡੀਕ ਵਿਚ ਹੋਏ ਬੇਤਾਬ ਸੀ।

ਕਰ ਕੇ ਪੜਚੋਲ ਮੇਰੇ ਗੁਰੂ ਦਸਮੇਸ਼ ਜੀ ਨੇ
ਸੁੱਤੀ ਹੋਈ ਕੌਮੀ ਅਣਖ-ਆਣ ਨੂੰ ਵੰਗਾਰਿਆ।
ਪੁਰੀ-ਆਨੰਦ ਵਿਚ ਆਨੰਦ-ਦਾਤਾ ਸਤਿਗੁਰੂ ਨੇ
ਜਜ਼ਬੇ ਸਮਾਜ ਦੇ ਨੂੰ ਝੂਣਿਆ ਉਭਾਰਿਆ।
ਦੇਣ ਲਈ ਸੁਚੱਜੀ ਅਗਵਾਈ ਇਮਤਿਹਾਨ ਲਿਆ
ਪ੍ਰੀਖਿਆ 'ਚੋਂ ਪਾਸ ਕਰ ਪੰਜਾਂ ਨੂੰ ਨਿਤਾਰਿਆ।
ਬਾਰਾਂ ਵੰਨੀ ਖ਼ਾਲਸ ਬਣਾ ਕੇ ਸੋਹਣੇ ਖ਼ਾਲਸੇ ਨੂੰ
ਜਗ ਸਾਹਵੇਂ ਸਾਬਤ ਸਰੂਪ ਖਲਿਹਾਰਿਆ।

ਖੰਡੇ ਧਾਰ ਪਾਹੁਲ ਬਖ਼ਸ਼ੀਸ਼ ਕਰ ਹਿਰਦਿਆਂ 'ਚੋਂ
ਸਦਾ ਲਈ ਮਾਨੋ ਮਾਰ ਕਢੀਆਂ ਊਣਤਾਈਆਂ।
ਜੀਣ ਲਈ ਜੀਵਨ ਅਨੰਦ-ਮਈ ਜਗ ਵਿਚ
ਦੀਰਘ ਵਿਚਾਰ ਭਰੀਆਂ ਰਹਿਤਾਂ ਸਮਝਾਈਆਂ।
ਜਬਰ ਅਤੇ ਜ਼ੁਲਮ ਵਿਰੁੱਧ ਡਟ ਜਾਣ ਲਈ
ਹਥਾਂ ਵਿਚ ਤੇਗ਼ਾਂ ਤਲਵਾਰਾਂ ਪਕੜਾਈਆਂ।
ਐਸੇ ਬਲੀ ਖ਼ਾਲਸੇ ਦੀ ਸਾਜਨਾ ਦੀ ਖ਼ੁਸ਼ੀ ਵਿਚ
'ਮਿਤਰ' ਸਾਰੇ ਪੰਥ ਤਾਈਂ ਲਖ ਲਖ ਵਧਾਈਆਂ।

---

**ਅਕਾਲ ਚਲਾਣਾ**—ਅਖੰਡ ਕੀਰਤਨੀ ਜਥੇ ਦੇ ਹਰਮਨ ਪਿਆਰੇ ਗੁਰਮੁਖ ਵੀਰ ਭਾਈ ਸਾਹਿਬ ਦਰਸ਼ਨ ਸਿੰਘ ਜੀ ਗੜਗਜ, ਜਿਨ੍ਹਾਂ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਵਿਚ ਕਾਫ਼ੀ ਸਮਾਂ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਜੀ ਦੇ ਮਾਤਾ ਜਸਵੰਤ ਕੌਰ ਜੀ ੬ ਮਾਰਚ ੧੯੭੩ ਨੂੰ ਅਕਾਲ ਚਲਾਣਾ ਕਰ ਗਏ ਹਨ। ਸਤਿਗੁਰੂ ਜੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਵਾਰ ਨੂੰ ਚੜ੍ਹਦੀਆਂ ਕਲਾਂ ਵਿਚ ਭਾਣਾ ਮੰਨਣ ਦਾ ਬਲ ਪਰਦਾਨ ਕਰਨ।


www.AKJ.Org

# ਸਾਡੇ ਗੁਰਮਤਿ ਅਨੰਦ ਕਾਰਜ

[ ਵਲੋਂ—ਇਕ ਸਿੰਘ ਜੀ, ਦੇਵਲਾਲੀ ਨਾਸਿਕ ]

ਕੋਈ ਸਮਾਂ ਸੀ ਜਦੋਂ ਕਿ ਸਿਖ-ਸੰਗਤਾਂ ਗੁਰਸਿਖੀ ਅਸੂਲਾਂ ਤੇ ਗੁਰਮਤਿ ਮਰਯਾਦਾ ਨੂੰ ਜਿੰਦ ਜਾਨ ਨਾਲੋਂ ਵੀ ਵਧ ਪਿਆਰ ਕਰਦੀਆਂ ਸਨ ਅਤੇ ਹਰ ਪਾਸੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਹੋਏ ਬਾਣੇ ਵਿਚ ਅਨੇਕਾਂ ਤਿਆਰ-ਬਰ-ਤਿਆਰ ਸਿੰਘ-ਸਿੰਘਣੀਆਂ ਨਜ਼ਰੀਂ ਪੈਂਦੇ ਸਨ ਤੇ ਠਾਠਾਂ ਮਾਰਦੇ ਸਮੁੰਦਰ ਵਾਂਗ ਗੁਰਸਿਖ ਵੀਰ ਭੈਣਾਂ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਸਨ । ਓਦੋਂ ਤੇਜਮਈ ਖ਼ਾਲਸਾ ਜੀ ਦਾ ਤੇਜ-ਪਰਤਾਪ ਝਲਿਆ ਨਹੀਂ ਸੀ ਜਾਂਦਾ । ਉਸ ਵੇਲੇ ਅਨੰਦ ਕਾਰਜਾਂ ਵਾਸਤੇ ਬੀਬੀ ਤੇ ਸਿੰਘ ਦਾ ਗੁਰਸਿਖੀ ਜੀਵਨ, ਰਹਿਣੀ ਬਹਿਣੀ, ਨਿਤਨੇਮ ਤੇ ਨਾਮ-ਅਭਿਆਸ ਕਮਾਈ ਆਦਿ ਗੁਣਾਂ ਨੂੰ ਹੀ ਮੁਖ ਰਖਿਆ ਜਾਂਦਾ ਸੀ; ਪਰ ਅਜ ਕਲ੍ਹ ਬਿਲਕੁਲ ਉਸ ਦੇ ਉਲਟ ਬਾਹਰਮੁਖੀ ਦਿਖਾਵਾ ਤੇ ਪਹਿਰਾਵਾ ਹੀ ਰਹਿ ਗਿਆ ਹੈ, ਤਤ-ਜੀਵਨੀ ਅੰਦਰੋਂ ਉਡੀ ਪੁਡੀ ਹੀ ਦਿਸਦੀ ਹੈ, ਜਾਂ ਨਾਂ-ਮਾਤਰ ਹੀ ਰਹਿ ਗਈ ਹੈ । ਇਉਂ ਪਰਤੀਤ ਹੁੰਦਾ ਹੈ ਕਿ ਖ਼ਾਲਸਾ ਪੰਥ ਵੀ ਕਲਜੁਗ ਦੇ ਭਿਆਨਕ ਪਰਭਾਵ ਤੋਂ ਬਚ ਨਹੀਂ ਸਕਿਆ । ਨਵੀਂ ਪੁੰਗਰ ਰਹੀ ਪਨੀਰੀ ਸਿਖੀ ਰਹਿਤ-ਰਹਿਣੀ ਤੋਂ ਦਿਨ-ਬਦਿਨ ਮੁਨਹਰਫ਼ ਹੁੰਦੀ ਜਾ ਰਹੀ ਹੈ । ਅਸੀਂ ਲੋਕ-ਲਾਜ ਤੇ ਮਾਇਆ ਦੇ ਚੱਕਰ ਵਿਚ ਬੁਰੀ ਤਰ੍ਹਾਂ ਫਸਦੇ ਜਾ ਰਹੇ ਹਾਂ । ਚੰਗੇ ਚੰਗੇ ਗੁਰਸਿਖ ਘਰਾਣਿਆਂ ਦੇ ਬੱਚੇ ਵੀ ਢਹਿੰਦੀ ਕਲਾ ਵਿਚ ਜਾ ਰਹੇ ਹਨ । ਗੁਰ-ਅਸਥਾਨਾਂ ਵਿਚ ਨਾਮ-ਬਾਣੀ ਦੇ ਕੀਰਤਨ ਵੀ ਸੁਣਦੇ ਹਾਂ, ਪਰ ਉਸ ਤੋਂ ਪਿਛੋਂ ਫਿਰ ਨਿੰਦਾ, ਚੁਗਲੀ ਤੇ ਇਧਰਲੀਆਂ ਉਧਰਲੀਆਂ ਫ਼ਜ਼ੂਲ ਗੱਲਾਂ ਬਾਤਾਂ ਵਿਚ ਲਗ ਜਾਂਦੇ ਹਾਂ । ਇਹ ਸਾਡੇ ਫੋਕੇ ਜੀਵਨ ਦੀਆਂ ਨਿਸ਼ਾਨੀਆਂ ਹਨ ।

ਅਸੀਂ ਨਵੀਂ ਪੀੜ੍ਹੀ ਨੂੰ ਠੀਕ ਢੰਗ ਨਾਲ ਪੂਰਾ ਪੂਰਾ ਸਹਾਰਾ ਦੇ ਕੇ ਅਧਿਆਤਮਕ ਜੀਵਨ ਦੀ ਜਾਚ ਨਹੀਂ ਦਸਦੇ । ਕਿਹਾ ਜਾਂਦਾ ਹੈ, "ਬੱਚੇ ਹੀ ਕੌਮ ਦੀ ਨੀਂਹ ਹੁੰਦੇ ਹਨ" ਇਸ ਲਈ ਆਪਣੇ ਭੁਜੰਗੀ ਅਤੇ ਭੁਜੰਗਣਾਂ ਨੂੰ ਠੀਕ ਰਸਤੇ ਪਾਉਣਾ ਸਾਡਾ ਪਹਿਲਾ ਫ਼ਰਜ਼ ਹੈ । ਬੱਚਿਆਂ ਦਾ ਅੰਮ੍ਰਿਤਧਾਰੀ ਹੋਣਾ ਬਹੁਤ ਜ਼ਰੂਰੀ ਹੈ, ਜਿਸ ਨਾਲ ਨਿਤਨੇਮ ਤੇ ਨਾਮ-ਅਭਿਆਸ ਦਾ ਪਤਾ ਲਗਦਾ ਹੈ । ਬੱਚਿਆਂ ਦਾ ਰਹਿਣ ਸਹਿਣ ਇਸ ਤਰ੍ਹਾਂ ਆਪਣੇ ਆਪ ਹੀ ਦੁਨੀਆਦਾਰੀ ਤੋਂ ਅਲੱਗ ਹੋ ਜਾਂਦਾ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਲਗੀਧਰ ਪਾਤਸ਼ਾਹ ਜੀ ਨੇ ਜਾਤ ਪਾਤ ਦੇ ਬੰਧਨਾਂ ਤੋਂ ਮੁਕਤ ਕਰ ਕੇ ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ ਹੈ; ਅਮੀਰ ਗ਼ਰੀਬ ਤੇ ਊਚ ਨੀਚ ਦੇ ਭੇਦ-ਭਾਵ ਨੂੰ ਖ਼ਤਮ ਕਰ ਦਿਤਾ ਹੈ, ਪਰ ਅਸੀਂ ਨੌਜਵਾਨ ਬੱਚਿਆਂ ਦੇ ਅਨੰਦ ਕਾਰਜ ਸਮੇਂ ਫਿਰ ਜਾਤ-ਬਰਾਦਰੀ ਦੀ ਹੋਂਦ ਤੇ ਜ਼ਿਆਦਾ ਵਿਸ਼ਵਾਸ ਰਖਦੇ ਹਾਂ; ਰਾਮਗੜ੍ਹੀਏ, ਅਰੋੜੇ, ਖੱਤਰੀ ਤੇ ਜੱਟ ਆਦਿ ਦਾ ਸੁਆਲ ਪੈਦਾ ਹੋ ਜਾਂਦਾ ਹੈ । ਇਸ ਤਰ੍ਹਾਂ ਕਈ ਤਿਆਰ-ਬਰ-ਤਿਆਰ ਸਿੰਘਾਂ ਨੂੰ ਬੀਬੀਆਂ ਅਤੇ ਬੀਬੀਆਂ ਨੂੰ ਤਿਆਰ-ਬਰ-ਤਿਆਰ ਸਿੰਘ ਨਹੀਂ ਮਿਲਦੇ । ਕਈ ਵਾਰੀ ਬੀਬੀਆਂ ਨੂੰ ਕੇਸਕੀ ਤੋਂ ਤਿਲਾਂਜਲੀ ਲੈਣੀ ਪੈਂਦੀ ਹੈ ਤੇ ਕਈ ਵਾਰੀ ਸਿੰਘ ਨੂੰ ਤਿਆਰ-ਬਰ-ਤਿਆਰ ਬੀਬੀ ਨਾ ਮਿਲਣ ਕਰਕੇ ਢਿਲਾ ਹੋਣਾ ਪੈ ਜਾਂਦਾ ਹੈ । ਜੇ ਕਿਸੇ ਪ੍ਰਵਾਰ ਵਿਚ ਬੀਬੀ ਬੀ. ਏ, ਆਦਿ ਪੜ੍ਹੀ ਹੋਈ ਹੋਵੇ ਤਾਂ ਘਰ ਦੇ ਮੈਂਬਰਾਂ ਦਾ ਇਹ ਖ਼ਿਆਲ ਹੁੰਦਾ ਹੈ ਕਿ ਉਸ ਲਈ ਜੋ ਸਿੰਘ ਮਿਲੇ ਅਫ਼ਸਰ ਹੋਵੇ, ਚਾਹੇ ਸਿਖ ਰਹਿਤ-ਰਹਿਣੀ ਵਿਚ ਢਿਲਾ ਮੱਠਾ ਹੀ ਹੋਵੇ ਅਤੇ ਬੀਬੀ ਨੂੰ ਉਸ ਪਰਵਾਰ ਵਿਚ ਜਾ ਕੇ ਰਹਿਤ-ਬਹਿਤ ਨੂੰ ਵੀ ਤਿਲਾਂਜਲੀ ਦੇਣੀ ਪਵੇ । ਰਹਿਤ-ਬਹਿਤ ਦੀ ਕੁਰਬਾਨੀ ਦੇ ਕੇ ਗੁਰਮਤਿ ਅਸੂਲਾਂ ਦੇ ਉਲਟ ਕਿਸੇ ਅਫ਼ਸਰ ਦੀ ਭਾਲ ਕਰਨੀ ਕਿਥੋਂ ਦੀ ਗੁਰਸਿਖੀ ਹੈ ? ਬਹੁਤ ਘਟ ਪ੍ਰਵਾਰ ਹਨ ਜੋ ਕੇਸਕੀ ਨੂੰ ਪਿਆਰ ਨਾਲ ਸਜਾਉਂਦੇ ਹਨ ਅਤੇ ਅੰਤ ਪ੍ਰਯੰਤ ਨਿਬਾਹੁਣ ਦਾ ਯਤਨ ਕਰਦੇ ਹਨ । ਇਸੇ ਡਰ ਪਿਛੇ

[ਬਾਕੀ ਦੇਖੋ ਸਫ਼ਾ ੨੧ ਦੇ ਹੇਠਾਂ



www.AKJ.Org

# ਇਤਿਹਾਸ ਗੋਇੰਦਵਾਲ ਸਾਹਿਬ

[ ਵਲੋਂ—ਸ: ਦਸੌਂਧਾ ਸਿੰਘ ਜੀ, ਰੀਟਾਇਰਡ ਹੈੱਡਮਾਸਟਰ, ਪੱਟੀ ]

## ਇਤਿਹਾਸ ਵਿਚ ਮਿਥਿਹਾਸ—

ਪੰਜਾਬ ਦੀ ਪਵਿਤਰ ਧਰਤੀ ਗੋਇੰਦਵਾਲ ਸਾਹਿਬ, ਜਿਸ ਨੂੰ ਪਹਿਲੇ ਪੰਜ ਗੁਰੂ ਸਾਹਿਬਾਨ ਨੇ ਆਪਣੇ ਆਸਣ ਬਣਾਇਆ, ਪ੍ਰਮੁਖ ਸਿਖ-ਅਸਥਾਨਾਂ ਵਿਚ ਸਭ ਤੋਂ ਪਹਿਲਾ ਇਤਿਹਾਸਕ ਅਸਥਾਨ ਹੈ। ਗੋਇੰਦਵਾਲ ਨਗਰ ਜ਼ਿਲਾ ਅੰਮ੍ਰਿਤਸਰ ਵਿਚ ਤਰਨਤਾਰਨ ਤੋਂ ਪੰਦਰ੍ਹਾਂ ਮੀਲ ਉਤਰ ਵਲ ਬਿਆਸ ਨਦੀ ਦੇ ਕੰਢੇ ਤੇ ਹੈ, ਅਤੇ ਖਡੂਰ ਸਾਹਿਬ ਤੋਂ ਕੇਵਲ ੪ ਕੁ ਮੀਲ ਤੇ ਸਥਿਤ ਹੈ। ਗੁਰੂ ਅਮਰਦਾਸ ਜੀ ਦੀ ਵਾਰਤਾ ਵਿਚ ਬਉਲੀ ਸਾਹਿਬ ਦਾ ਵਰਨਣ ਕਈ ਲਿਖਾਰੀਆਂ ਨੇ ਕੀਤਾ ਹੈ, ਪਰ ਸਮੁਚੇ ਨਗਰ ਦਾ ਇਤਿਹਾਸ ਅਜ ਤਕ ਮੇਰੀ ਨਜ਼ਰੇ ਨਹੀਂ ਪਿਆ।

ਭਾਈ ਕਾਨ੍ਹ ਸਿੰਘ ਜੀ ਨਾਭਾ "ਗੁਰਮਤਿ ਮਾਰਤੰਡ" ਦੀ ਭੂਮਕਾ (ੳ) ਵਿਚ ਲਿਖਦੇ ਹਨ, "ਸਾਡੇ ਮਤ ਦੇ ਪੁਰਾਣੇ ਅਤੇ ਨਵੇਂ ਲੇਖਕਾਂ ਨੇ ਆਪਣੀ ਆਪਣੀ ਬੁਧੀ ਅਰੁ ਨਿਸ਼ਚਯ ਅਨੁਸਾਰ, ਇਤਿਹਾਸ, ਰਹਿਤਨਾਮੇ ਅਤੇ ਸੰਸਕਾਰ ਵਿਧੀ ਆਦਿਕ ਅਨੇਕ ਪੁਸਤਕ ਰਚੇ ਹਨ, ਜਿਨ੍ਹਾਂ ਤੋਂ ਸਾਨੂੰ ਬੇਅੰਤ ਲਾਭ ਅਰ ਹਾਨੀ ਹੋ ਰਹੀ ਹੈ। ਅਰਥਾਤ ਗੁਰਮਤਿ-ਅਨੁਸਾਰ-ਵਾਕ ਲਾਭ ਅਤੇ ਗੁਰਮਤਿ-ਵਿਰੁਧ-ਵਚਨ ਹਾਂਨੀ ਦਾ ਕਾਰਣ ਬਣ ਰਹੇ ਹਨ। ਇਨ੍ਹਾਂ ਗਰੰਥਾਂ ਦੀ ਡੂੰਘੀ ਖੋਜ ਤੋਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਮਤ ਦੇ ਕਵੀਆਂ ਨੇ ਅਨਯਮਤੀ ਗਰੰਥ-ਕਾਰਾਂ ਦੀ ਨਕਲ ਕਰਦੇ ਹੋਏ ਇਹ ਭਾਰੀ ਭੁਲ ਕੀਤੀ ਹੈ ਕਿ ਸਮਾਜ, ਨੀਤੀ ਅਤੇ ਧਰਮ ਆਦਿਕ ਵਿਸ਼ਯ ਇਕੱਠੇ ਕਰ ਕੇ ਸਭ ਨੂੰ ਮਜ਼ਹਬੀ ਰੰਗਤ ਦੇ ਦਿਤੀ ਹੈ। ਬਿਨਾਂ ਛਾਣ ਬੀਣ ਕੀਤੇ ਅਨੇਕਾਂ ਪ੍ਰਸੰਗ ਐਸੇ ਲਿਖੇ ਹਨ ਜੋ ਮੂਲੋਂ ਨਿਰਮੂਲ ਅਥਵਾ ਗੁਰਮਤ ਤੋਂ ਦੂਰ ਲੈ ਜਾਣ ਵਾਲੇ ਹਨ। ਇਸ ਪਰ ਭੀ ਭਾਰੀ ਹੋਰ ਖੇਦ ਹੈ ਕਿ ਸਾਡੀ ਕੌਮ ਵਿਚ ਪਰਮਾਰਥ ਗਜਾਤਾ, ਸਤਯ ਦੇ ਖੋਜੀ ਵਿਦਵਾਨ ਬਹੁਤ ਹੀ ਘਟ ਹਨ, ਸਗੋਂ ਖੋਜੀਆਂ ਦੇ ਵੈਰੀ ਅਤੇ ਯਥਾਰਥ ਲਿਖਣ ਜਾਂ ਕਹਿਣ ਵਾਲਿਆਂ ਨੂੰ ਨਾਸਿਤਕ ਆਖਣ ਵਾਲਿਆਂ ਦੀ ਗਿਣਤ ਬਹੁਤੀ ਹੈ।"

ਅਗੇ ਜਾ ਕੇ ਫੇਰ ਲਿਖਦੇ ਹਨ, "ਸਿਖ ਧਰਮ

---

ਸਫ਼ਾ ੨੦ ਦੀ ਬਾਕੀ]

ਜ਼ਿਆਦਾ ਤਰ ਬੀਬੀਆਂ ਨੂੰ ਕੇਸਕੀਆਂ ਨਹੀਂ ਸਜਾਈਆਂ ਜਾਂਦੀਆਂ, ਕਿਉਂਕਿ ਉਨ੍ਹਾਂ ਨੂੰ ਕੋਈ ਅਫ਼ਸਰ ਪਸੰਦ ਨਹੀਂ ਕਰੇਗਾ।

ਐ ਸਿੰਘੋ ! ਅਨੰਦ ਕਾਰਜ ਸਿਰਫ ਗੁਰਸਿਖੀ ਅਸੂਲਾਂ ਨੂੰ ਮੁੱਖ ਰਖ ਕੇ ਕਰੋ ਜੀ। ਬੱਚਿਆਂ ਨੂੰ ਸ਼ੁਰੂ ਤੋਂ ਹੀ ਇਸ ਮਾਰਗ ਤੇ ਲਾਉ। ਜਾਤ ਪਾਤ ਦੇ ਬੰਧਨਾਂ ਨੂੰ ਖ਼ਤਮ ਕਰ ਕੇ ਅਮੀਰੀ ਗਰੀਬੀ ਤੇ ਊਚ ਨੀਚ ਦੀ ਕੜੀ ਤੋੜ ਸੁਟੋ ਅਤੇ ਆਪਸ ਵਿਚ ਗੁਰਮਤ ਵਿਆਹ ਕਾਇਮ ਕਰੋ ਜੀ।

ਅਨੰਦ ਕਾਰਜ ਲਈ ਹੇਠ ਲਿਖੀਆਂ ਗੱਲਾਂ ਵਲ ਧਿਆਨ ਦਿਉ ਜੀ :—

(੧) ਸਿੰਘ ਜਾਂ ਬੀਬੀ ਤਿਆਰ-ਬਰ-ਤਿਆਰ ਹੋਵੇ, ਨਿਤਨੇਮੀ ਤੇ ਨਾਮ ਅਭਿਆਸ ਦੀ ਕਮਾਈ ਕਰਨ ਵਾਲੇ ਹੋਣ।

(੨) ਸਿੰਘ ਜਾਂ ਬੀਬੀ ਗੁਰਸਿਖੀ ਪ੍ਰਵਾਰ ਵਿਚੋਂ ਹੋਣ, ਜਿਸ ਨਾਲ ਉਨ੍ਹਾਂ ਨੂੰ ਪ੍ਰਵਾਰਕ ਜੀਵਨ ਵਿਚ ਕੋਈ ਰੁਕਾਵਟ ਨਾ ਪੈਦਾ ਹੋਵੇ।

(੩) ਅਨੰਦ-ਕਾਰਜ ਸਿਰਫ਼ ਸਮਾਗਮਾਂ ਤੇ ਹੀ ਹੋਣ, ਲੈਣ ਦੇਣ ਦੀ ਰਸਮ ਨੂੰ ਖ਼ਤਮ ਕਰ ਦਿਤਾ ਜਾਵੇ।

(੪) ਸਿੰਘ ਦੀ ਪੈਸੇ ਦੀ ਕਮਾਈ ਨਾਲੋਂ ਉੱਚੀ ਸੁੱਚੀ ਕਮਾਈ ਅਮਲੀ ਜੀਵਨ ਦੀ ਤੇ ਨਾਮ ਅਭਿਆਸ ਕਮਾਈ ਵਲ ਧਿਆਨ ਦਿਤਾ ਜਾਵੇ।

(੫) ਜਾਤ ਪਾਤ ਲਈ ਕੋਈ ਥਾਂ ਨਾ ਹੋਵੇ।



www.AKJ.Org

ਵਿਚ ਕਈ ਭਰਮ ਪੈ ਗਏ ਹਨ, ਉਨ੍ਹਾਂ ਵਿਚੋਂ ਕਈ (੧) ਅਸੂਲ ਵਿਰੁਧ ਹਨ, ਕਈ (੨) ਇਤਿਹਾਸ ਵਿਰੁਧ ਅਤੇ ਕਈ (੩) ਯੁਕਤੀ ਵਿਰੁਧ।" ਅਤੇ ਉਹ ਇਸ ਬਾਰੇ ਉਦਾਹਰਣਾਂ ਵੀ ਦੇਂਦੇ ਹਨ।

ਬਾਵਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਦੇ ਕਥਨ ਅਨੁਸਾਰ "ਸਿਖ ਇਤਿਹਾਸ ਬਹੁਤ ਸਾਰੇ ਬੇਵਕੂਫ਼ ਦੋਸਤਾਂ ਅਤੇ ਦਾਨਾ ਦੁਸ਼ਮਣਾਂ ਦਾ ਲਿਖਿਆ ਹੋਇਆ ਹੈ।"

ਡ: ਹਰਜੰਤ ਸਿੰਘ ਜੀ ਧਾਲੀਵਾਲ ਲੰਡਨ ਵਾਸੀ ਟਰੈਕਟ "ਅਮਰ ਸ਼ਹੀਦ" ਦੇ ਪੰਨਾ ੪ ਤੇ ਲਿਖਦੇ ਹਨ, "ਅਫ਼ਸੋਸ ਨਾਲ ਲਿਖਣਾ ਪਿਆ ਹੈ ਕਿ ਸਿਖ ਇਤਿਹਾਸ ਨੂੰ ਲਿਖਣ ਵਾਲੇ ਬਹੁਤ ਸਾਰੇ ਮਨ-ਮਤੀਏ ਤੇ ਗ਼ੈਰ-ਸਿਖ ਸਨ । ਜਿਥੇ ਉਨ੍ਹਾਂ ਸਿਖ ਕੌਮ ਦੀ ਵਿਸ਼ਾਲਤਾ ਲਿਖੀ ਹੈ, ਉਥੇ ਨਾਲ ਨਾਲ ਮੋਈ ਹੋਈ ਮਨੂੰ ਸਿਮਰਤੀ ਨੂੰ ਭੀ ਸੁਰਜੀਤ ਕਰ ਕੇ ਸਾਡੇ ਇਤਿਹਾਸ ਵਿਚ ਭਰਦੇ ਗਏ । ਨਤੀਜਾ ਇਹ ਹੋਇਆ ਕਿ ਅਜ ਸਿਖ ਕੌਮ ਗੁਰਮਤਿ ਨੂੰ ਛਡ ਕੇ ਫਿਰ ਉਸੇ ਮਿਲਗੋਭੇ ਵਿਚ ਫਸਦੀ ਜਾ ਰਹੀ ਹੈ।"

ਬੜੀ ਖ਼ੁਸ਼ੀ ਦੀ ਗੱਲ ਹੈ ਕਿ ਪ੍ਰੋਫ਼ੈਸਰ ਸਾਹਿਬ ਸਿੰਘ ਜੀ, ਪ੍ਰਿੰਸੀਪਲ ਸਤਬੀਰ ਸਿੰਘ ਜੀ, ਸਰਦਾਰ ਖ਼ੁਸ਼ਵੰਤ ਸਿੰਘ ਜੀ, ਪ੍ਰਿੰਸੀਪਲ ਗੁਰਬਚਨ ਸਿੰਘ ਜੀ ਤਾਲਬ, ਡਾਕਟਰ ਹਰੀ ਰਾਮ ਗੁਪਤਾ ਤੇ ਪ੍ਰੋ. ਬਿੰਦੂ ਭੂਸ਼ਨ ਬੈਨਰ ਜੀ ਵਰਗੇ ਵਿਦਵਾਨ ਇਤਿਹਾਸਕ ਖੋਜੀਆਂ ਨੇ ਕਈ ਪੁਰਾਣੇ ਭੁਲੇਖੇ ਦੂਰ ਕੀਤੇ ਹਨ, ਪਰ ਅਜੇ ਵੀ ਕਈ ਨੀਮ-ਮੁਲਾਂ ਕਿਸੇ ਦਲੀਲ ਨੂੰ ਨਾ ਮੰਨਦੇ ਹੋਏ, ਗੁਰੂ ਸਾਹਿਬਾਨ ਦੀ ਕਰਾਮਾਤ-ਸ਼ਕਤੀਆਂ ਦਾ ਆਸਰਾ ਲੈਂਦੇ ਹੋਏ ਸਿਰ ਅੜਾਈ ਹੀ ਜਾਂਦੇ ਹਨ। ਇਤਿਹਾਸਕਾਰ ਉਨ੍ਹਾਂ ਗੱਲਾਂ ਨੂੰ ਨਹੀਂ ਮੰਨਦੇ ਜਿਹੜੀਆਂ ਅਣ-ਹੋਣੀਆਂ ਹੋਣ ਤੇ ਦਲੀਲ ਦੀ ਕਸਵੱਟੀ ਤੇ ਪੂਰੀਆਂ ਨਾ ਉਤਰਨ ।

ਮੈਂ ਪਿਛਲੇ ਤੋਂ ਪਿਛਲੇਰੇ ਸਾਲ ਗੋਇੰਦਵਾਲ ਸਾਹਿਬ ਭਾਦਰੋਂ ਦੀ ਪੁੰਨਿਆ ਦਾ ਮੇਲਾ ਦੇਖਣ ਗਿਆ। ਤੇ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਸਟੇਜ-ਪ੍ਰਬੰਧਕਾਂ ਦੇ ਬਾਰ ਬਾਰ ਕਹਿਣ ਤੇ ਵੀ ਕਿਸੇ ਕਵੀਸ਼ਰ, ਢਾਡੀ ਜਾਂ ਰਾਗੀ ਸਿੰਘ ਨੇ ਗੋਇੰਦਵਾਲ ਸਾਹਿਬ ਦਾ ਇਤਿਹਾਸ ਨਾ ਸੁਣਾਇਆ। ਏਸ ਊਣਤਾਈ ਨੂੰ ਦੂਰ ਕਰਨ ਦਾ ਇਹ ਛੋਟਾ ਜਿਹਾ ਜਤਨ ਹੈ।

## ਗੋਇੰਦਵਾਲ ਸਾਹਿਬ ਦਾ ਇਤਿਹਾਸ—

"ਗੋਬਿੰਦਵਾਲੁ ਗੋਬਿੰਦ ਪੁਰੀ ਸਮ ਜਲੵਨ ਤੀਰ
ਬਿਪਾਸ ਬਨਾਯਉ ॥ ਗਯਉ ਦੁਖ ਦੂਰਿ ਬਰਖਨ
ਕੌ ਸੁ ਗੁਰੂ ਮੁਖੁ ਦੇਖਿ ਗੁਰੂ ਸੁਖ ਪਾਯਉ ॥"*
੬॥੧੦॥ ਪੰਨਾ ੧੪੦੦

ਕਿਹਾ ਜਾਂਦਾ ਹੈ ਕਿ ਇਕ ਦਿਨ ਗੁਰੂ ਅਮਰ ਦਾਸ ਜੀ ਸਮਾਧੀ ਵਿਚ ਗੁਰੂ ਨਾਨਕ ਦੇਵ ਜੀ ਦੇ ਧਿਆਨ ਵਿਚ ਜੁੜ ਗਏ । ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ ਤੇ ਉਨ੍ਹਾਂ ਕਿਹਾ, "ਇਕ ਇਹੋ ਜਿਹਾ ਤੀਰਥ ਬਣਾਉ ਜਿਥੇ ਕੇਵਲ ਪ੍ਰਮਾਤਮਾ ਦੀ ਪੂਜਾ ਹੋਵੇ।" ਏਸ ਹੁਕਮ ਦੀ ਪਾਲਣਾ ਕਰਦੇ ਹੋਏ ਗੁਰੂ ਅਮਰਦਾਸ ਜੀ ਨੇ ਗੋਂਦੇ ਮਰਵਾਹੇ ਖਤਰੀ ਪਾਸੋਂ ਕੁਝ ਭੋਇੰ ਖ਼ਰੀਦ ਲਈ ਤੇ ਤੀਰਥ-ਅਸਥਾਨ ਦਾ ਕੰਮ ਸ਼ੁਰੂ ਕਰ ਦਿਤਾ।†

ਸੰਨ ੧੫੪੬ ਵਿਚ ਇਕ ਮਰਵਾਹੇ ਖਤਰੀ ਗੋਂਦੇ ਦੀ ਬਿਆਸ ਨਦੀ ਦੇ ਕੰਢੇ ਬਹੁਤ ਸਾਰੀ ਭੋਇੰ ਸੀ। ਉਹ ਉਥੇ ਇਕ ਵਸਤੀ ਵਸਾ ਰਿਹਾ ਸੀ, ਪ੍ਰੰਤੂ ਉਸ ਵਿਚ ਬਹੁਤ ਵਿਘਨ ਪੈਂਦੇ ਸਨ । ਉਸ ਨੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਆ ਕੇ ਬੇਨਤੀ ਕੀਤੀ, 'ਕਿਰਪਾ ਕਰ ਕੇ ਤੁਸੀਂ ਉਥੇ ਚਲ ਵਸੋ ਤਾਂ ਜੁ ਮੇਰਾ ਨਗਰ ਵਸ ਪਵੇ।" ਗੁਰੂ ਜੀ ਆਪ ਤਾਂ ਨਾ ਗਏ, ਪਰ ਅਮਰਦਾਸ

*ਗੋਇੰਦਵਾਲ ਬੈਕੁੰਠ ਵਰਗਾ ਬਿਆਸ ਨਦੀ ਦੇ ਪਾਣੀਆਂ ਦੇ ਕੰਢੇ ਬਣਾਇਆ । ਜਦੋਂ ਸਾਰੀ ਸੰਗਤ ਤੇ ਰਾਮਦਾਸ ਜੀ, ਗੁਰੂ ਅਮਰਦਾਸ ਜੀ ਦੇ ਚੇਲੇ, ਗੁਰੂ ਅਮਰਦਾਸ ਜੀ ਦਾ ਪਵਿਤਰ ਮੁਖ ਦੇਖਦੇ ਸਨ ਤਾਂ ਉਨ੍ਹਾਂ ਵਰ੍ਹਿਆਂ ਦੇ ਦੁਖ ਦੂਰ ਹੋ ਜਾਂਦੇ ਸਨ।

†ਐਵੋਲਿਊਸ਼ਨ ਆਫ਼ ਦੀ ਖ਼ਾਲਸਾ—ਆਈ. ਬੈਨਰ ਜੀ ਪੰ: ੧੬੯]



www.AKJ.Org

ਜੀ ਨੂੰ ਭੇਜਿਆ ਤੇ ਕਿਹਾ, "ਪੁਰਖਾ ! ਜਾਉ ਉਸ ਧਰਤੀ ਨੂੰ ਸੁਭਾਗ ਕਰੋ । ਪੂਰਬਲੇ ਪਾਸੇ ਆਪਣਾ ਟਿਕਾਣਾ ਬਣਾ ਲਉ ਤੇ ਉਥੇ ਹੀ ਵਸੋ ।" ਅਮਰਦਾਸ ਜੀ ਹੁਕਮ ਪਾ ਕੇ ਉਥੇ ਗਏ ਅਤੇ ਇਕ ਥਾਂ ਅਰਦਾਸ ਕਰ ਕੇ ਉਸਾਰੀ ਦਾ ਕੰਮ ਸ਼ੁਰੂ ਕਰਵਾ ਦਿਤਾ । ਬਜ਼ਾਰ; ਦੁਕਾਨਾਂ ਤੇ ਘਰ ਬਣ ਗਏ, ਤੇ ਪਿੰਡ ਦੇ ਪੂਰਬ ਵਲ ਇਕ ਚੁਬਾਰੇ ਵਿਚ ਆਪਣਾ ਡੇਰਾ ਲਾ ਲਿਆ । ਥੋੜੇ ਚਿਰ ਪਿਛੋਂ ਆਪਣੇ ਸਾਰੇ ਪਰਵਾਰ-ਕਬੀਲੇ ਨੂੰ ਬਾਸਰਕੇ ਤੋਂ ਲਿਆ ਕੇ ਗੋਇੰਦਵਾਲ ਵਸਾ ਲਿਆ । ਇਸ ਵਿਚ ਉਨ੍ਹਾਂ ਦੇ ਭਤੀਜੇ ਸਾਵਣ ਮਲ ਜੀ ਵੀ ਆਏ ਤੇ ਰਾਮਦਾਸ ਜੀ (ਜੇਠਾ ਜੀ) ਵੀ ਆਪਣੀ ਨਾਨੀ ਸਮੇਤ ਏਥੇ ਆ ਟਿਕੇ । ਸਾਵਣ ਮਲ ਨੂੰ ਗੁਰੂ ਜੀ ਨੇ ਪਹਾੜਾਂ ਵਿਚੋਂ ਹਰੀਪੁਰ ਰਿਆਸਤ ਦੇ ਰਾਜੇ ਪਾਸੋਂ ਮਕਾਨਾਂ ਲਈ ਲਕੜੀ ਲਿਆਉਣ ਲਈ ਭੇਜਿਆ । ਲਕੜੀ ਆ ਗਈ ਤੇ ਇਮਾਰਤਾਂ ਦਾ ਕੰਮ ਬੜੀ ਤੇਜ਼ੀ ਨਾਲ ਸ਼ੁਰੂ ਹੋ ਗਿਆ, ਤੇ ਨਗਰ ਵਸ ਪਿਆ । ਭਾਈ ਗੁਰਦਾਸ ਜੀ ਦੇ ਪਿਤਾ ਈਸ਼ਰਦਾਸ ਜੀ ਵੀ ਏਥੇ ਆ ਟਿਕੇ । ਭਾਈ ਗੁਰਦਾਸ ਜੀ ਗੁਰੂ ਅਰਜਨ ਦੇਵ ਜੀ ਦੇ ਹਾਣੀ ਸਨ ਤੇ ਗੁਰੂ ਅਮਰਦਾਸ ਜੀ ਦੇ ਭਤੀਜੇ ।

## ਨਗਰ ਵਿਚ ਵਸਦੇ ਸ਼ੇਖ਼ਾਂ ਦੀ ਵਧੀਕੀ—

ਗੋਇੰਦਵਾਲ ਦੀ ਵਸੋਂ ਵਧਦੀ ਗਈ । ਇਕ ਟੱਬਰ ਸ਼ੇਖ਼ਾਂ ਦਾ ਵੀ ਆ ਵਸਿਆ । ਰਾਜ ਮੁਸਲਮਾਨੀ ਹੋਣ ਦਾ ਅਭਿਮਾਨ ਸਿਰ ਵਿਚ ਸਮਾਇਆ ਹੋਇਆ ਸੀ । ਏਹ ਕਦੇ ਕਦੇ ਸਿਖਾਂ ਨੂੰ ਤੰਗ ਕਰਦੇ ਰਹਿੰਦੇ ਸਨ । ਪਰ ਗੁਰੂ-ਦਰਬਾਰ ਵਲੋਂ ਸਦਾ ਸਹਿਨ-ਸ਼ੀਲਤਾ ਹੀ ਹੁੰਦੀ ਸੀ । ਕਈ ਵਾਰ ਏਨ੍ਹਾਂ ਦੇ ਲੜਕੇ ਖੂਹ ਤੋਂ ਪਾਣੀ ਭਰਨ ਗਏ ਸਿਖਾਂ ਦੇ ਘੜਿਆਂ ਨੂੰ ਗੁਲੇਲਾਂ ਮਾਰ ਕੇ ਤੋੜ ਦਿੰਦੇ । ਸਿਖਾਂ ਨੇ ਲੋਹੇ ਅਤੇ ਪਿਤਲ ਦੀਆਂ ਗਾਗਰਾਂ ਬਣਵਾ ਲਈਆਂ, ਪਰ ਸ਼ੈਤਾਨ ਮੁੰਡੇ ਵਟੇ ਮਾਰ ਕੇ ਚਿਬ ਪਾ ਦੇਂਦੇ । ਗੁਰੂ ਜੀ ਨੇ ਸਿਖਾਂ ਨੂੰ ਉਪਦੇਸ਼ ਦਿਤਾ ਕਿ ਕਰਤਾਰ ਤੇ ਭਰੋਸਾ ਰਖੋ ਤੇ ਇਨ੍ਹਾਂ ਤੋਂ ਬਦਲਾ ਨਾ ਲਉ ।

ਸਬੱਬ ਨਾਲ ਉਸੇ ਸਮੇਂ ਅੰਦਰ ਇਕ ਦਿਨ ਤਕੜੇ ਲਠ-ਬਾਜ਼ ਅਤੇ ਤੀਰ-ਅੰਦਾਜ਼ ਜੋਧੇ ਸਨਿਆਸੀਆਂ ਦਾ ਇਕ ਟੋਲਾ ਦਰਿਆਉਂ ਉਰਾਰ ਗੋਇੰਦਵਾਲ ਆ ਉਤਰਿਆ । ਖੂਹ ਤੇ ਸੰਨਿਆਸੀ ਨਹਾ ਧੋ ਰਹੇ ਸਨ, ਕੁਝ ਸਿਖ ਵੀ ਪਾਣੀ ਲੈਣ ਆ ਗਏ । ਸ਼ੇਖ਼ਾਂ ਦੇ ਮੁੰਡਿਆਂ ਨੇ ਗੁਲੇਲਾਂ ਮਾਰੀਆਂ ਤਾਂ ਇਕ ਗੁਲੇਲ ਸੰਨਿਆਸੀਆਂ ਦੇ ਗੁਰੂ ਦੀ ਅੱਖ ਤੇ ਵੱਜੀ । ਅੱਖ ਫਿਸ ਗਈ, ਮੁੰਡਾ ਫੜਿਆ ਗਿਆ ਤੇ ਉਸ ਨੂੰ ਸੰਨਿਆਸੀਆਂ ਜਾਨੋਂ ਹੀ ਮਾਰ ਦਿਤਾ । ਦੁਵੱਲੀ ਲੜਾਈ ਹੋਈ ਤੇ ਕਈ ਮਾਰੇ ਗਏ । ਕਾਲੀ ਬੋਲੀ ਹਨੇਰੀ ਝੁਲਣ ਤੇ ਸ਼ੇਖ਼ ਆਪਣੀ ਘਰੀਂ ਤੇ ਸੰਨਿਆਸੀ ਭਜ ਕੇ ਆਪਣੇ ਡੇਰੇ ਜਾ ਵੜੇ ।

ਉਸੇ ਦਿਨ ਹੀ ਅਚਾਨਕ ਲਾਹੌਰੋਂ ਇਕ ਫ਼ੌਜੀ ਦਸਤਾ ਆ ਗਿਆ, ਜੋ ਖਚਰਾਂ ਤੇ ਲੱਦਿਆ ਸ਼ਾਹੀ ਖ਼ਜ਼ਾਨਾ ਦਿਲੀ ਨੂੰ ਲਿਜਾ ਰਿਹਾ ਸੀ । ਕਾਲੀ ਹਨੇਰੀ ਵਿਚ ਇਕ ਖੱਚਰ ਗੁੰਮ ਹੋ ਗਈ ਤੇ ਉਹ ਸ਼ੇਖ਼ਾਂ ਦੇ ਘਰੋਂ ਫੜੀ ਗਈ । ਸ਼ੇਖ਼ਾਂ ਉਤੇ ਸੰਨਿਆਸੀਆਂ ਨੂੰ ਮਾਰਨ ਤੇ ਸ਼ਾਹੀ ਖ਼ਜ਼ਾਨਾ ਚੁਰਾਉਣ ਦਾ ਦੋਸ਼ ਲਗਾ ਤੇ ਉਨ੍ਹਾਂ ਦੇ ਘਰ ਬਾਰ ਜ਼ਬਤ ਕੀਤੇ ਗਏ । ਕੁਛ ਕੁ ਨੂੰ ਮੌਤ ਦੀ ਸਜ਼ਾ ਵੀ ਮਿਲੀ । ਸ਼ੇਖ਼ ਏਥੋਂ ਉਜੜ ਕੇ ਕੁਝ ਜਲਾਲਾਬਾਦ ਤੇ ਕੁਝ ਵੇਰੋਵਾਲ ਜਾ ਵਸੇ ।

## ਬੀਰਬਲ ਦਾ ਗੋਇੰਦਵਾਲ ਆਉਣਾ—

ਫ਼ਰਵਰੀ ਸੰਨ ੧੫੮੬ ਵਿਚ ਅਕਬਰ ਦਾ ਇਕ ਵਜ਼ੀਰ ਬੀਰਬਲ ਸਰਹੱਦ ਤੇ ਪਠਾਣਾਂ ਨਾਲ ਲੜਨ ਲਈ ਪਿਸ਼ਾਵਰ ਫ਼ੌਜ ਸਮੇਤ ਜਾ ਰਿਹਾ ਸੀ । ਬਿਆਸ ਲੰਘ ਕੇ ਗੋਇੰਦਵਾਲ ਪੜਾਂ ਕੀਤਾ । ਗੁਰੂ ਜੀ ਦੇ ਹੁਕਮ ਨਾਲ ਫ਼ੌਜ ਨੂੰ ਗੁਰੂ ਕੇ ਲੰਗਰ ਵਿਚ ਪ੍ਰਸ਼ਾਦ ਛਕਾਇਆ ਗਿਆ । ਪਰ ਬੀਰਬਲ ਨੇ ਸਾਰੇ ਖਤਰੀਆਂ ਤੇ ਬ੍ਰਾਹਮਣਾਂ ਤੋਂ ਛੁਟ ਬਾਕੀ ਸਾਰੇ ਹਿੰਦੂਆਂ ਪਾਸੋਂ ਫ਼ੌਜ ਦਾ ਖਰਚ ਮੰਗਿਆ, ਜਿਸ ਨੂੰ "ਜਜ਼ੀਆ" ਕਿਹਾ ਜਾਂਦਾ ਸੀ । ਗੁਰੂ ਸਾਹਿਬ ਨੇ ਇਹ ਵਿਤਕਰੇ ਵਾਲਾ 'ਕਰ' ਦੇਣ ਤੋਂ ਸਾਫ਼ ਇਨਕਾਰ ਕਰ ਦਿਤਾ । ਬੀਰਬਲ ਨੇ ਗੁੱਸੇ ਵਿਚ ਆ ਕੇ ਗੁਰੂ ਜੀ ਤੇ ਸਿਖਾਂ ਉਤੇ ਸਖ਼ਤੀ ਵਰਤਣ ਦੀ ਧਮਕੀ ਦਿਤੀ । ਉਸੇ ਦਿਨ ਹੀ

ਅਕਬਰ ਦਾ ਖ਼ਾਸ ਹੁਕਮ ਆ ਗਿਆ ਕਿ ਰਾਤ ਦਿਨ ਇਕ ਕਰ ਕੇ ਛੇਤੀ ਤੋਂ ਛੇਤੀ ਪਿਸ਼ਾਵਰ ਪਹੁੰਚਿਆ ਜਾਵੇ । ਬੀਰਬਲ ਸਰਹੱਦ ਤੇ ਪਹੁੰਚਦਿਆਂ ਹੀ ਪਹਿਲੇ ਹੱਲੇ ਵਿਚ ਮਾਰਿਆ ਗਿਆ।

**ਬਾਵਲੀ ਸਾਹਿਬ—**

ਸ਼ਾਹੀ ਸੜਕ ਦਾ ਪੱਤਣ ਹੋਣ ਕਰਕੇ ਲੋਕਾਂ ਤੇ ਮੁਸਾਫਰਾਂ ਦਾ ਲਾਂਘਾ ਬਹੁਤ ਸੀ । ਉਸ ਵੇਲੇ ਨਾ ਹੀ ਅਜੇ ਅੰਮ੍ਰਿਤਸਰ ਵਸਿਆ ਸੀ ਅਤੇ ਨਾ ਹੀ ਤਰਨ ਤਾਰਨ । ਲਾਹੌਰ ਤੋਂ ਦਿੱਲੀ ਤੇ ਆਗਰੇ ਨੂੰ ਸ਼ਾਹੀ ਸੜਕ ਦਾ ਪੱਤਣ ਇਹੋ ਹੀ ਸੀ । ਤੇ ਏਥੋਂ ਅਗੇ ਸੁਲਤਾਨਪੁਰ ਤੇ ਅਗੇ ਦਰਿਆ ਸਤਲੁਜ ਦੇ ਕੰਢੇ ਤੇ ਤਲਵਨ ਦਾ ਪੱਤਣ ਸੀ । ਗੁਰੂ ਕਾ ਲੰਗਰ ਸਭ ਲਈ ਖੁਲ੍ਹਾ ਸੀ* । ਸੰਗਤਾਂ ਦੀ ਵੀ ਰੌਣਕ ਰਹਿੰਦੀ ਤੇ ਮੁਸਾਫਰਾਂ ਦਾ ਭੀੜ-ਭੜੱਕਾ ਵੀ ਬਹੁਤ ਸੀ। ਮਕਾਨਾਂ ਦੀ ਥੁੜ ਸੀ ਅਤੇ ਖੂਹ ਘਟ ਹੋਣ ਕਰਕੇ ਪਾਣੀ ਦੀ ਵੀ ਥੁੜ ਹੋ ਜਾਂਦੀ ਸੀ । ਥਾਂ ਮੁੱਲ ਲੀਤੀ ਗਈ ਤੇ ਬਾਬੇ ਬੁਢੇ ਜੀ ਦੇ ਹਥੋਂ ਟਕ ਲੁਆ ਕੇ ਬਾਉਲੀ ਸਾਹਿਬ ਦੀ ਕਾਰ ਅਰੰਭੀ ਗਈ । ਸੰਮਤ ੧੬੧੬† ਬਿਕ੍ਰਮੀ ਦੀ ਕਤਕ ਦੀ ਪੁੰਨਿਆ ਨੂੰ ਇਹ ਕਾਰਜ ਅਰੰਭ ਹੋਇਆ। ਗੁਰੂ ਰਾਮਦਾਸ ਜੀ ਨੇ ਆਪ ਟੋਕਰੀ ਚੁਕ ਕੇ ਇਸ ਸੇਵਾ ਵਿਚ ਹਿੱਸਾ ਪਾਇਆ।

ਬਾਵਲੀ ਪੁਟਦਿਆਂ ਅਖ਼ੀਰ ਤੇ ਇਕ ਰੋੜਾਂ ਦਾ ਕੜ ਆ ਗਿਆ, ਜੋ ਟੁਟਦਾ ਨਹੀਂ ਸੀ । ਗੁਰੂ ਜੀ ਦੇ ਹੁਕਮ ਅਨੁਸਾਰ ਮਾਣਕ ਚੰਦ (ਪਥਰੀਆ ਗੋਤ ਦਾ ਖਤਰੀ) ਵਡਾ ਵਦਾਨ ਲੈ ਕੇ ਬਾਵਲੀ ਵਿਚ ਜਾ ਵੜਿਆ, ਤੇ ਵਦਾਨ ਦੀਆਂ ਸੱਟਾਂ ਨਾਲ ਕੜ ਤੋੜ ਦਿਤਾ । ਪਾਣੀ ਨੇ ਬਹੁਤ ਜ਼ੋਰ ਨਾਲ ਉਛਾਲਾ ਮਾਰਿਆ ਤੇ ਮਾਣਕ ਚੰਦ ਉਸ ਵਿਚ ਡੁਬ ਗਿਆ। ਉਸ ਦਾ ਸਰੀਰ ਜਲ ਤੋਂ ਬਾਹਰ ਲਿਆਂਦਾ ਗਿਆ। ਗੁਰੂ ਅਮਰਦਾਸ ਜੀ ਨੇ ਪੇਟ ਵਿਚੋਂ ਪਾਣੀ ਕਢਾ ਕੇ ਜੀਵਨ ਬਖ਼ਸ਼ਿਆ ਤੇ ਨਾਉਂ ਜੀਵੜਾ ਰਖਿਆ । ਮਾਣਕ ਚੰਦ ਦੀ ਉਲਾਦ ਦੇ ਜੀਅ ਵੈਰੋਵਾਲ ਰਹਿੰਦੇ ਹਨ ਤੇ 'ਜੀਊੜ' ਬਾਵੇ ਕਹਿਲਾਉਂਦੇ ਹਨ।

ਬਾਵਾ ਬਰਕਤ ਸਿੰਘ ਜੀ, ਰੀਟਾਇਰਡ ਇਨਸਪੈਕਟਰ ਆਫ਼ ਸਕੂਲਜ਼, ਜਿਹੜੇ ਸਵਰਗਵਾਸ ਹੋਣ ਤਕ ਕਈ ਸਾਲ ਗੁਰਦਵਾਰਾ ਪ੍ਰਬੰਧਕ ਕਮੇਟੀ ਗੋਇੰਦਵਾਲ ਸਾਹਿਬ ਦੇ ਪ੍ਰਧਾਨ ਰਹੇ ਤੇ ਰਹਿਣੀ ਦੇ ਪੂਰਨ ਗੁਰਸਿਖ, ਨਾਮ ਦੇ ਰਸੀਏ ਅਤੇ ਬੜੇ ਭਜਨੀਕ ਸਨ, ਏਸੇ ਹੀ ਬੰਸ ਵਿਚੋਂ ਸਨ।

**ਗੋਂਦੇ ਮਰਵਾਹੇ ਦੇ ਪੁੱਤਰਾਂ ਵਲੋਂ ਮੁਕੱਦਮਾ—**

ਗੁਰੂ ਜੀ ਨਾਲ ਈਰਖਾ ਕਰਨ ਵਾਲੇ ਕੁਝ ਲੋਕਾਂ ਨੇ ਗੋਂਦੇ ਮਰਵਾਹੇ ਦੇ ਪੁੱਤਰ ਨੂੰ ਭੜਕਾ ਕੇ ਉਸ ਕੋਲੋਂ ਅਰਜ਼ੀ ਪੁਆ ਦਿਤੀ ਕਿ – ਮੇਰੇ ਬਾਪ ਨੇ ਆਪਣੇ ਪਿੰਡ ਵਿਚ ਇਕ ਸਾਧੂ ਵਸਾਇਆ ਸੀ । ਉਹ ਸਾਡੀ ਭੋਇੰ ਦਬਾਈ ਜਾਂਦਾ ਹੈ, ਅਤੇ ਸਾਡੀ ਜ਼ਮੀਨ 'ਤੇ ਕਬਜ਼ਾ ਕਰ ਕੇ ਮੱਲੋ ਮੱਲੀ ਬਾਉਲੀ ਬਣਵਾ ਰਿਹਾ ਹੈ।

ਲਾਹੌਰ ਦਾ ਹਾਕਮ ਜਾਫ਼ਰ ਬੇਗ ਮੌਕੇ ਤੇ ਆਇਆ। ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਇਕੱਠੇ ਕੀਤੇ ਗਏ। ਉਨ੍ਹਾਂ ਬਿਆਨ ਦਿਤੇ, "ਗੁਰੂ ਜੀ ਰਬ ਦੇ ਪਿਆਰੇ ਤੇ ਬੇਗ਼ਰਜ਼ ਹਨ । ਹਰਿ ਜਾਤਿ, ਹਰਿ ਮਤ ਅਤੇ ਹਰ ਪ੍ਰਾਣੀ ਲਈ ਲੰਗਰ ਚਲਦਾ ਹੈ । ਰਾਤ ਦਿਨ ਕਥਾ ਕੀਰਤਨ ਅਤੇ ਨਾਮ ਅਭਿਆਸ ਜਾਰੀ ਰਹਿੰਦਾ ਹੈ । ਏਹ ਕਿਸੇ ਮਾਲ ਅਤੇ ਜ਼ਮੀਨ 'ਤੇ ਦਾਅਵਾ ਨਹੀਂ ਕਰਦੇ । ਹਰੀਪੁਰ ਦੇ ਰਾਜੇ ਦੀਆਂ ਘਲੀਆਂ ਗੋਲੀਆਂ ਤੇ ਸ਼ਤੀਰੀਆਂ ਆਪਣੇ ਅਤੇ ਬਿਗਾਨਿਆਂ ਨੂੰ ਮੁਫ਼ਤ ਵੰਡ ਛਡੀਆਂ ਹਨ । ਜਿਸ ਮਕਾਨ ਵਿਚ ਇਹ ਵਸਦੇ ਹਨ, ਉਹ ਗੋਂਦੇ ਨੇ ਆਪ ਉਸਾਰ ਕੇ ਇਨ੍ਹਾਂ ਨੂੰ ਦਿਤਾ ਸੀ। ਆਪ ਦੇ ਭਾਈ-ਬੰਦਾਂ ਨੇ ਮਾਲਕਾਂ ਨੂੰ ਜ਼ਮੀਨ ਦੇ ਪੈਸੇ ਦੇ ਕੇ ਮਕਾਨ ਪਾਏ ਹਨ। ਜਿਸ ਥਾਂ ਬਾਉਲੀ ਬਣ ਰਹੀ ਹੈ, ਇਹ ਥਾਂ ਗੁਰੂ ਕੇ ਸਿਖਾਂ ਨੇ ਗੋਂਦੇ ਦੇ ਪੁੱਤਰਾਂ ਨੂੰ ਮਾਇਆ

---

*ਜੋ ਵੀ ਚੜ੍ਹਾਵਾ ਚੜ੍ਹਦਾ ਸੀ, ਸਾਰੇ ਦਾ ਸਾਰਾ ਹੀ ਲੰਗਰ ਵਿਚ ਦਿਤਾ ਜਾਂਦਾ ਸੀ। ਬੈਨਰ ਜੀ, ਪੰ: ੧੬੬]

†ਮਹਾਨ ਕੋਸ਼—੧੬੧੬ ਵਿਚ ਬਾਵਲੀ ਲਗਵਾਈ।



www.AKJ.Org

ਦੇ ਕੇ ਖ਼ਰੀਦੀ ਹੈ।"

ਏਸ ਤਰ੍ਹਾਂ ਮੌਕੇ ਤੇ ਤੀਜੇ ਤਿਹਾਕਾਂ ਕੋਲੋਂ ਹਾਲਾਤ ਸੁਣ ਕੇ ਹਾਕਮ ਨੂੰ ਪੂਰੀ ਤਸੱਲੀ ਹੋ ਗਈ ਕਿ ਇਹ ਦਾਅਵਾ ਝੂਠਾ ਹੈ। ਸੋ ਉਸ ਨੇ ਮਰਵਾਹੇ ਦੇ ਵਿਰੁੱਧ ਫ਼ੈਸਲਾ ਦਿਤਾ। ਵਿਰੋਧੀਆਂ ਨੇ ਮਰਵਾਹੇ ਨੂੰ ਚੁਕ-ਚੁਕਾ ਕੇ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਫ਼ਰਿਆਦ ਕਰਨ ਲਈ ਭੇਜ ਦਿਤਾ। ਇਹ ਇਕ ਨੌਕਰ ਨੂੰ ਨਾਲ ਲੈ ਕੇ ਆਗਰੇ ਪੁਜਾ। ਨੌਕਰ ਦਾ ਮੂੰਹ ਕਾਲਾ ਕਰ ਲਿਆ, ਉਸ ਨੂੰ ਨੀਲੀ ਕਾਲੀ ਤੇ ਜੂਆਂ ਨਾਲ ਭਰੀ ਕਬੱਾਂ (ਲੰਮਾ ਚੋਗਾ) ਪਹਿਨਾਈ ਤੇ ਪਾਤਸ਼ਾਹ ਦੀ ਦਰਗਾਹ ਵਿਚ ਪਹੁੰਚੇ। ਬਾਦਸ਼ਾਹ ਨੂੰ ਦਸਿਆ ਗਿਆ ਕਿ ਇਹ ਮੁਕੱਦਮਾ ਜਾਫ਼ਰ ਬੇਗ ਦੀ ਕਚਹਿਰੀ ਹੋ ਚੁਕਾ ਹੈ ਤੇ ਮਰਵਾਹਾ ਝੂਠਾ ਹੈ। ਮਰਵਾਹੇ ਤੇ ਉਸ ਦੇ ਨੌਕਰ ਨੂੰ ਧਕੇ ਮਾਰ ਕੇ ਦਰਬਾਰ ਵਿਚੋਂ ਕਢ ਦਿਤਾ ਗਿਆ।

ਮੁਗ਼ਲਾਂ ਵੇਲੇ ਜਦ ਕੋਈ ਪੁਰਸ਼ ਸ਼ਿਕਾਇਤ ਲੈ ਕੇ ਪਾਤਸ਼ਾਹ ਪਾਸ ਜਾਂਦਾ ਸੀ ਤਾਂ ਉਸਦੇ ਗਲ ਵਿਚ ਇਕ ਖ਼ਾਸ ਕਿਸਮ ਦਾ ਕਾਲਾ ਜੁੱਲਾ ਪਾਇਆ ਜਾਂਦਾ ਸੀ, ਜਿਸ ਤੋਂ ਪਾਤਸ਼ਾਹ ਉਸ ਦੇ ਆਵਣ ਦਾ ਭਾਵ ਸਮਝ ਲੈਂਦਾ ਸੀ। ਇਹ ਜੁੱਲਾ ਬਹੁਤਿਆਂ ਦੇ ਵਰਤਣ ਕਰ ਕੇ ਅਕਸਰ ਮੈਲਾ ਅਤੇ ਜੂਆਂ ਨਾਲ ਭਰਿਆ ਹੁੰਦਾ ਸੀ। ਗੁਰੂ ਰਾਮਦਾਸ ਜੀ ਨੇ ਏਸ ਦਾ ਵਰਨਣ ਗਉੜੀ ਕੀ ਵਾਰ ਪੰਨਾ ੩੦੬ ਤੇ ਹੇਠ ਲਿਖੇ ਸ਼ਬਦ ਵਿਚ ਕੀਤਾ ਹੈ —

ਸਲੋਕ ਮਹਲਾ ੪

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥ ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥ ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥ ਤੜ[1] ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ[2] ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ ॥ ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ ॥ ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ ॥

## ਗੁਰੂ ਅਮਰਦਾਸ ਜੀ ਦਾ ਸੰਖੇਪ ਜੀਵਨ-ਬ੍ਰਿਤਾਂਤ—

ਜਨਮ—ਬਾਸਰਕੇ ਗਿਲਾਂ,ਛੇਹਰਟੇ ਲਾਗੇ ਜ਼ਿਲਾ ਅੰਮ੍ਰਿਤਸਰ। ਵੈਸਾਖ ਸੁਦੀ ੧੪ ਸੰਮਤ ੧੫੩੬ ਜੇਠ ਦੀ ੧੦, ਮੁਤਾਬਕ ੫ ਮਈ ਸੰਨ ੧੪੭੯ (ਮਹਾਨਕੋਸ਼)। ਗੁਰੂ ਨਾਨਕ ਦੇਵ ਜੀ ਤੋਂ ੧੦ ਸਾਲ ਪਿਛੋਂ।

ਪਿਤਾ—ਤੇਜ ਭਾਨ ਜੀ(ਤੇਜੋ),ਮਾਤਾ—ਸੁਲਖਣੀ ਜੀ(ਲਛਮੀ)।

ਵਿਵਾਹ—੧੧ ਮਾਘ ਸੰਮਤ ੧੫੫੯ ਨੂੰ ਮਨਸਾ ਦੇਵੀ ਜੀ ਨਾਲ। ਇਨ੍ਹਾਂ ਦਾ ਪੇਕਾ ਨਾਮ ਰਾਮੋ ਜੀ ਸੀ। ਇਹ ਦੇਵੀ ਚੰਦ ਬਹਿਲ ਖਤਰੀ ਦੀ ਸਪੁੱਤਰੀ ਸੀ। ਇਨ੍ਹਾਂ ਦਾ ਦੇਹਾਂਤ ਸੰਮਤ ੧੬੨੬ ਨੂੰ ਹੋਇਆ।

ਸੇਵਾ—ਸੰਮਤ ੧੫੯੭ ਵਿਚ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਉਨ੍ਹਾਂ ਦੇ ਸਿਖ ਹੋਏ, ਸੇਵ ਸੰਭਾਲੀ ਤੇ ੧੨ ਸਾਲ ਸੇਵਾ ਕੀਤੀ।

ਗੁਰ-ਗਦੀ—੩ ਵੈਸਾਖ ਸੰਮਤ ੧੬੦੯(੨੯ਮਾਰਚ ੧੫੫੨) ਨੂੰ ਗੁਰ-ਗਦੀ ਮਿਲੀ।

ਜੋਤੀ ਜੋਤਿ—੨੨ ਸਾਲ ੫ ਮਹੀਨੇ ੧੧ ਦਿਨ ਗੁਰ-ਗਦੀ 'ਤੇ ਬਿਰਾਜਮਾਨ ਰਹਿ ਕੇ, ਭਾਦੋਂ ਦੀ ਪੂਰਨਮਾਸ਼ੀ, ੨ ਅਸੂ ਸੰਮਤ ੧੬੩੧ ਮੁਤਾਬਕ ੧ ਸਤੰਬਰ ੧੫੭੪ ਨੂੰ ਜੋਤੀ ਜੋਤਿ ਸਮਾਏ।

ਸੰਤਾਨ—ਬਾਬਾ ਮੋਹਨ ਜੀ ਤੇ ਮੋਹਰੀ ਜੀ ਦੋ ਪੁੱਤਰ ਸਨ, ਤੇ ਬੀਬੀ ਭਾਨੀ ਜੀ ਤੇ ਬੀਬੀ ਦਾਨੀ ਜੀ ਦੋ ਸਪੁੱਤਰੀਆਂ।

ਮਹਾਨ ਕੰਮ—(੧) ਦੇਸ਼-ਦੇਸਾਂਤਰਾਂ ਵਿਚ ਪ੍ਰਚਾਰਕ ਭੇਜੇ। (੨) ਧਰਮਸਾਲਾਂ ਥਾਪੀਆਂ। (੩) ਇਕ ਪੰਗਤ ਵਿਚ ਭੋਜਨ ਛਕਣ ਦੀ ਰੀਤ ਪਰਚਲਤ ਕੀਤੀ, ਜਿਸ ਨਾਲ ਪ੍ਰਸਪਰ ਗਿਲਾਨੀ ਮਿਟੀ। (੪) ਅੰਮ੍ਰਿਤਸਰ ਬਣਾਉਣ ਦੀ ਥਾਂ, ਆਪ ਜੀ ਨੇ ਹੀ ਗੁਰੂ ਰਾਮਦਾਸ ਜੀ ਨੂੰ ਦਸ ਕੇ ਤਾਲ ਬਨਾਣ ਦੀ ਆਗਿਆ ਕੀਤੀ ਸੀ। (੫) ਰੋਗੀਆਂ ਦੇ ਰੋਗ ਦੂਰ ਕਰਨ ਦੇ ਯਤਨ ਕੀਤੇ। (੬) ਸੰਮਤ ੧੬੧੬ ਵਿਚ ਬਾਉਲੀ ਰਚੀ। ( ) ਸਿਖਾਂ ਵਿਚ ਵੈਸਾਖੀ ਦਾ ਮੇਲਾ ਮਨਾਣ ਦੀ ਰਸਮ ਇਨ੍ਹਾਂ ਹੀ ਚਲਾਈ ਸੀ।

੧. ਤੁਰਤ। ੨. ਜੁੱਤੀਆਂ।

www.AKJ.Org

# ਤਤ-ਰਹਿਤ ਬਾਰੇ ਟਪਲਾ ਕਿਉਂ ?

ਜਿਨ ਕਉ ਤਖਤਿ ਮਿਲੈ ਵਡਿਆਈ,
ਗੁਰਮੁਖਿ ਸੇ ਪਰਧਾਨ ਕੀਏ ॥
ਪਾਰਸੁ ਭੇਟਿ ਭਏ ਸੇ ਪਾਰਸ,
ਨਾਨਕ ਹਰਿ ਗੁਰ ਸੰਗਿ ਥੀਏ ॥
ਪੰ: ੧੧੭੧]

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਅਦੁੱਤੀ ਸ਼ਖ਼ਸੀਅਤ ਉਪਰ ਉਪਰਲੀ ਤੁਕ ਹੂ-ਬ-ਹੂ ਢੁਕਦੀ ਹੈ । 'ਹਰਿ ਗੁਰ ਸੰਗਿ ਥੀਏ' ਭਾਈ ਸਾਹਿਬ ਦੀ ਪਾਰਸ-ਛੁਹ ਅੱਜ ਵੀ ਹਜ਼ਾਰਾਂ ਹਿਰਦਿਆਂ ਵਿਚ ਜੀਵਨ, ਗੁਰਮਤਿ ਜੀਵਨ ਦੀ ਰੌ ਰੁਮਕਾ ਰਹੀ ਹੈ । ਹਾਲਾਂਕਿ ਉਨ੍ਹਾਂ ਦਾ ਉਪਜਾਇਆ ਹੋਇਆ ਗੁਰਮਤਿ-ਸਾਹਿਤ ਆਮ ਹੱਥਾਂ ਵਿਚ ਤਾਂ ਕੀ, ਆਸਵੰਦ ਤੇ ਲੋੜਵੰਦ ਹੱਥਾਂ ਵਿਚ ਵੀ ਨਹੀਂ ਪੁਜ ਸਕਿਆ । ਫਿਰ ਵੀ ਉਨ੍ਹਾਂ ਦੇ ਗੁਰਮਤਿ-ਪਰਚਾਰ ਦੇ ਪਾਏ ਹੋਏ ਪੂਰਨੇ ਅਨੇਕਾਂ ਰੂਹਾਂ ਨੂੰ ਕਸ਼ਸ਼ ਪਾਈ ਜਾ ਰਹੇ ਹਨ । ਉਨ੍ਹਾਂ ਦੀਆਂ ਗੂੰਜਾਈਆਂ ਹੋਈਆਂ ਕੀਰਤਨ-ਗੂੰਜਾਂ ਰਹਿੰਦੀ ਦੁਨੀਆ ਤਕ ਕਾਇਮ ਰਹਿਣਗੀਆਂ ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਗੁਰਮਤਿ ਰਹਿਤ-ਰਹਿਣੀ ਵਿਚ ਤਤਪਰ ਰਹਿਣ ਦੀ ਖ਼ਾਤਰ ਹੀ ਜੇਲ੍ਹਾਂ ਦੇ ਅਨੇਕਾਂ ਬਿਖਮ ਤੇ ਅਸਹਿ ਕਸ਼ਟ ਖਿੜੇ ਮਥੇ ਪਰਵਾਨ ਕੀਤੇ, ਪਰ ਗੁਰਮਤਿ-ਰਹਿਤ ਨੂੰ ਜਿੰਦ ਜਾਨ ਤੋਂ ਵੀ ਵਧ ਪਿਆਰ ਕੀਤਾ । ਅਤੁੱਟ ਨਾਮ-ਅਭਿਆਸ ਕਮਾਈ ਦੇ ਤੁਫ਼ੈਲ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਨੂੰ ਵੀ ਭਾਗ ਲਾਏ ਅਤੇ ਅਨੇਕਾਂ ਪ੍ਰਾਣੀਆਂ ਨੂੰ ਰੰਗ ਲਾਇਆ । ੧੬—੧੭ ਵਰ੍ਹੇ ਦੀ ਲੰਬੇਰੀ ਜੇਲ੍ਹ-ਯਾਤਰਾ ਪਿਛੋਂ ਆਪ ਜੀ ਦੀ ਸੇਵਾ, ਘਾਲਣਾ ਤੇ ਕੁਰਬਾਨੀ ਦੇ ਸਦਕੇ ਪੰਥ ਨੇ ਆਪ ਜੀ ਨੂੰ ਵਧ ਚੜ੍ਹ ਕੇ ਪਿਆਰਿਆ, ਸਤਿਕਾਰਿਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਸਾਹਿਬ ਤੇ ਹੁਕਮਨਾਮੇ ਦੀ ਬਖ਼ਸ਼ਸ਼ ਹੋਈ ।

ਭਾਈ ਸਾਹਿਬ ਜੀ ਨੇ ਪੰਥਕ ਦੀਵਾਨਾਂ ਅਤੇ ਸਤਿਸੰਗ-ਮੰਡਲਾਂ ਵਿਚ ਵਿਚਰ ਕੇ ਕਚੀਆਂ ਪਿਲੀਆਂ ਬਾਣੀਆਂ ਦੇ ਥਾਂ ਨਿਰੋਲ ਗੁਰਬਾਣੀ ਦੇ ਅਖੰਡ ਕੀਰਤਨ ਦੀ ਲਹਿਰ ਚਲਾਈ, ਜਿਹੜੀ ਕਿ ਹੁਣ ਦਿਨ-ਬਦਿਨ ਵਧਦੀ ਜਾ ਰਹੀ ਹੈ । ਅਖੰਡ ਕੀਰਤਨ ਦੀ ਇਹ ਲਹਿਰ ਦੇਸਾਂ ਬਦੇਸ਼ੀ ਵਿਚ ਫੈਲ ਕੇ ਬਦੇਸ਼ਾਂ ਲੋਕਾਂ ਦੇ ਮਨਾਂ ਵਿਚ ਵੀ ਗੁਰਮਤਿ ਦਾ ਸਿੱਕਾ ਬਿਠਾ ਰਹੀ ਹੈ, ਜਿਸ ਕਾਰਨ ਉਹ ਸਿਖੀ ਗ੍ਰਹਿਣ ਕਰ ਰਹੇ ਹਨ ।

ਨਾਮ-ਧਰੀਕ ਸਿਖ ਸਦਾਉਂਦੇ ਲੋਕਾਂ ਵਿਚ ਜੋ ਢਿਲਿਆਈ ਆ ਰਹੀ ਸੀ, ਉਨ੍ਹਾਂ ਨੂੰ ਭਾਈ ਸਾਹਿਬ ਜੀ ਨੇ ਅਮਲੀ ਜੀਵਨ ਦੀ ਮਿਸਾਲ ਪੇਸ਼ ਕਰ ਕੇ ਗੁਰਮਤਿ ਰਹਿਣੀ ਵਾਲਾ ਜੀਵਨ ਬਿਤਾਉਣ ਲਈ ਉਤਸ਼ਾਹ ਦਿਤਾ ਅਤੇ ਅਲੋਪ ਹੁੰਦੀ ਜਾ ਰਹੀ ਤਤ ਗੁਰਮਤਿ ਰਹਿਤ-ਰਹਿਣੀ ਨੂੰ ਭਾਈ ਸਾਹਿਬ ਜੀ ਨੇ ਨਵੇਂ ਸਿਰਿਓਂ ਸੁਰਜੀਤ ਕੀਤਾ । ਉਦਾਹਰਣ ਵਜੋਂ ਪੰਜਵਾਂ ਕਕਾਰ ਕੇਸਕੀ, ਜਿਸ ਦੀ ਵਰਤੋਂ ਟਾਵੀਂ ਟਾਵੀਂ ਹੀ ਨਜ਼ਰ ਆਉਂਦੀ ਸੀ, ਨੂੰ ਖ਼ੂਬ ਪਰਚਾਰਿਆ ਅਤੇ ਦਸਮੇਸ਼ ਪਿਤਾ ਦੇ ਬਖ਼ਸ਼ੇ ਹੋਏ ਇਸ ਕਕਾਰ ਦੀ ਅਹਿਮੀਅਤ ਜਣਾਈ ਕਿ ਪੰਜਵਾਂ ਕਕਾਰ ਕੇਸ ਨਹੀਂ,ਸਗੋਂ ਕੇਸਾਂ ਦੀ ਸੰਭਾਲ ਕਰਨ ਵਾਲੀ ਕੇਸਕੀ ਹੈ । ਕੇਸ ਤਾਂ ਸਰੀਰ ਉਤੇ ਕੁਦਰਤ ਦੇ ਪੈਦਾ ਕੀਤੇ ਹੋਏ ਸਰੀਰ ਦਾ ਅੰਗ ਹਨ, ਪਰ ਪੰਜੇ ਕਕਾਰ ਬਾਹਰਮੁਖੀ ਧਾਰਨ ਕੀਤੇ ਹੋਏ ਹਨ, ਜੋ ਸਰੀਰ ਦਾ ਅੰਗ ਨਹੀਂ ਅਤੇ ਨਾ ਹੀ ਸਰੀਰ ਦੇ ਅੰਗਾਂ ਨਾਲ ਜੁੜਵੇਂ ਹਨ । ਕੰਘਾ ਕਿਸੇ ਤਰਖਾਣ ਨੇ ਬਣਾਇਆ, ਕੜਾ ਕਿਸੇ ਲੋਹਾਰ ਨੇ ਘੜਿਆ, ਕਛਹਿਰਾ ਕਿਸੇ ਦਰਜ਼ੀ ਨੇ ਸੀਤਾ, ਕਿਰਪਾਨ ਕਿਸੇ ਮਿਸਤ੍ਰੀ ਨੇ ਤਿਆਰ ਕੀਤੀ ਅਤੇ ਕੇਸਕੀ ਦਾ ਕਪੜਾ ਕਿਸੇ ਜੁਲਾਹੇ ਨੇ ਬੁਣਿਆ । ਇਹ ਪੰਜੇ ਕਕਾਰ ਧਾਰਨ ਕਰ ਲੈਣ ਦਾ ਸਤਿਗੁਰਾਂ ਨੇ ਹੁਕਮ ਦਿਤਾ, ਜਿਸ ਦੀ ਗਵਾਹੀ ਭਾਈ ਦੇਸਾ ਸਿੰਘ ਜੀ ਦਾ ਰਹਿਤਨਾਮਾ ਇਉਂ ਦਿੰਦਾ ਹੈ —

ਕਛ, ਕੜਾ, ਕਿਰਪਾਨ, ਕੰਘਾ, ਕੇਸਕੀ ।
ਇਹ ਪੰਜ-ਕਕਾਰੀ ਰਹਿਤ ਧਾਰੇ ਸਿਖ ਸੋਈ ।

ਕੇਸ-ਹੀਣ ਹੋਣਾ ਪਤਿਤ ਕਰਨ ਵਾਲੀ ਬਜਰ ਕੁਰਹਿਤ ਹੈ, ਪਰ ਕਕਾਰ ਤੋਂ ਹੀਣ ਹੋਣ ਨਾਲ ਪਤਿਤ


www.AKJ.Org

ਨਹੀਂ ਹੋ ਸਕਦਾ, ਸਿਰਫ਼ ਤਨਖ਼ਾਹੀਆ ਹੈ।

ਦਸਮ ਪਾਤਸ਼ਾਹ ਜੀ ਦਾ ਮਾਤਾ ਭਾਗ ਕੌਰ ਜੀ ਨੂੰ ਹਜ਼ੂਰ ਸਾਹਿਬ ਵਿਖੇ ਦਸਤਾਰ ਸੰਯੁਕਤ ਰਹਿਣ ਦਾ ਉਪਦੇਸ਼ ਦੇਣਾ ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਸਿਧ ਕਰਦੇ ਹਨ।

ਪੁਰਾਤਨ ਸਿੰਘਾਂ ਦੇ ਅਖੀਂ ਡਿਠੇ ਹਾਲਾਤ ਮਿਸਟਰ ਕਨਿੰਘਮ ਆਪਣੀ ਕਿਤਾਬ "Mental of the East" ਵਿਚ ਲਿਖਦਾ ਹੈ, ਕਿ The Sikhs Ladies were distinguished with DASTAAR dressed round their top-knot." (ਸਿਖ ਯੁਵਤੀਆਂ ਸੀਸ ਉਤੇ ਜੂੜੇ ਦੁਆਲੇ ਸਜਾਈ ਹੋਈ ਦਸਤਾਰ ਰਾਹੀਂ ਪਛਾਣੀਆਂ ਜਾਂਦੀਆਂ ਸਨ)। ਗੁਰੂ ਦਸਮ ਪਾਤਸ਼ਾਹ ਜੀ ਦਾ ਖ਼ਾਲਸਾ ਸਾਰੇ ਜਗਤ ਤੋਂ ਨਿਰਾਲਾ ਹੈ ਅਤੇ ਉਸ ਦਾ ਵੇਸ-ਭੇਸ ਵੀ ਸਾਰੇ ਜਗਤ ਤੋਂ ਨਿਰਾਲਾ ਹੈ। ਹਜ਼ਾਰਾਂ ਲਖਾਂ ਦੀ ਗਿਣਤੀ ਵਿਚ ਗੁਰੂ ਕਾ ਸਿਖ ਵਖਰਾ ਹੀ ਦਿਸਦਾ ਹੈ। ਸਤਿਗੁਰੂ ਨੇ ਸਿੰਘ ਤੇ ਸਿੰਘਣੀ ਨੂੰ ਇਕੋ ਅੰਮ੍ਰਿਤ, ਇਕੋ ਨਾਮ, ਇਕੋ ਬਾਣੀ ਤੇ ਇਕੋ ਰਹਿਤ ਬਖ਼ਸ਼ੀ ਹੈ। ਦਸਮੇਸ਼ ਪਿਤਾ ਜੀ ਨੇ ਸਿੰਘ ਵਾਂਗ ਹੀ ਸਿੰਘਣੀ ਨੂੰ ਵੀ ਨਿਰਾਲਾ ਜਬ੍ਹਾ ਬਖ਼ਸ਼ ਕੇ ਅਨਮਤੀ ਇਸਤ੍ਰੀਆਂ ਤੋਂ ਵਖਰਾ ਕੀਤਾ ਹੈ ਅਤੇ ਉਹ ਇਕੱਲੀ ਅਨੇਕਾਂ ਵਿਚ ਮਿਲ ਕੇ ਵੀ ਵਖਰੀ ਪਛਾਣੀ ਜਾ ਸਕਦੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਗੁਰੂ ਕੀ ਬਖ਼ਸ਼ੀ ਰਹਿਤ ਕੇਸਕੀ ਦਸਮ-ਦੁਆਰ ਜੂੜੇ ਉਪਰ ਹੀ ਸਜੀ ਹੋਈ ਹੋਵੇ। ਕੇਸਕੀ ਤੋਂ ਬਿਨਾਂ ਕੇਸ ਪੂਰੀ ਤਰ੍ਹਾਂ ਸੰਭਾਲੇ ਨਹੀਂ ਜਾ ਸਕਦੇ ਅਤੇ ਨਾ ਹੀ ਮਿਟੀ ਘੱਟੇ ਤੋਂ ਬਚਾਏ ਜਾ ਸਕਦੇ ਹਨ। "ਉਡਿ ਉਡਿ ਰਾਵਾ ਝਾਟੈ ਪਾਇ" ਦੇ ਗੁਰ-ਫ਼ੁਰਮਾਨ ਅਨੁਸਾਰ ਫ਼ੈਸ਼ਨ-ਪ੍ਰਸਤੀ ਦੇ ਰੋੜ੍ਹ ਵਿਚ ਰੁੜ੍ਹੀਆਂ ਜਾਂਦੀਆਂ ਦੇ ਬਣਾਏ ਹੋਏ ਬਨਾਵਟੀ ਫ਼ੈਸ਼ਨਾਂ ਵਾਲੇ ਖਿਲਰੇ ਪੁਲਰੇ ਵਾਲਾਂ ਵਿਚ ਹੀ ਉਡ ਉਡ ਕੇ ਸੁਆਹ ਪੈਂਦੀ ਹੈ। ਕੇਸਕੀ ਸਜਾਉਣ ਵਿਚ ਸਾਦਗੀ ਤੇ ਲੋਕ-ਲਾਜ ਦਾ ਤਿਆਗ ਹੈ, ਪਰ ਕਈ ਢੰਗਾਂ ਨਾਲ ਕੇਸ ਬਣਾਉਣੇ ਤੇ ਗੁਤਾਂ ਕਰਨੀਆਂ ਨਿਰੀ ਫ਼ੈਸ਼ਨ-ਪ੍ਰਸਤੀ ਹੈ। ਲੋਕ-ਲਾਜ ਵਿਚ ਫਸੇ ਤੇ ਫ਼ੈਸ਼ਨਾਂ ਵਿਚ ਗ੍ਰਸੇ ਹੋਏ ਅਜ ਕਲ੍ਹ ਦੇ ਸਿਖ ਆਪਣੀ ਕਮਜ਼ੋਰੀ ਨੂੰ ਛਪਾਉਣ ਖ਼ਾਤਰ ਕੇਸਕੀ ਦੀ ਰਹਿਤ ਤੋਂ ਹੀ ਮੁਕਰ ਰਹੇ ਹਨ।

ਕੇਸਕੀ ਵਾਂਗ ਹੀ ਦੂਸਰੀ ਕਮਜ਼ੋਰੀ ਕੁਠਾ ਮਾਸ ਦੇ ਗ਼ਲਤ ਅਰਥ ਕਰ ਕੇ ਮਾਸ ਖਾਣ ਦੇ ਕੁਚਸਕੇ ਨੂੰ ਪੂਰਾ ਕਰਨ ਲਈ ਖੁਲ੍ਹ ਪ੍ਰਾਪਤ ਕੀਤੀ ਜਾਂਦੀ ਹੈ, ਜਦ ਕਿ ਗੁਰਬਾਣੀ ਦੀਆਂ ਅਨੇਕ ਤੁਕਾਂ ਮਾਸ ਖਾਣ ਦਾ ਨਿਰਾ ਖੰਡਨ ਹੀ ਨਹੀਂ, ਸਗੋਂ ਸਖ਼ਤ ਮਨਾਹੀ ਕਰਦੀਆਂ ਹਨ। ਇਸ ਪ੍ਰਥਾਇ ਭਾਈ ਸਾਹਿਬ ਜੀ ਦੀ ਪੁਸਤਕ "ਝਟਕਾ ਮਾਸ ਪ੍ਰਥਾਇ ਤਤ-ਗੁਰਮਤਿ ਨਿਰਣਯ" ਵਿਚ ਵੇਰਵੇ ਸਹਿਤ ਸਿਧ ਕੀਤਾ ਗਿਆ ਹੈ ਕਿ ਮਾਸ ਖਾਣਾ ਗੁਰਮਤਿ ਦੇ ਪ੍ਰਤਿਕੂਲ ਹੈ, ਚਾਹੇ ਉਹ ਹਲਾਲ ਹੋਵੇ ਜਾਂ ਝਟਕਾ। ਕੁਠੇ ਦੇ ਅਰਥ ਹਨ "ਕੋਹਿਆ ਹੋਇਆ", ਨਾ ਕਿ ਮੁਸਲਮਾਨੀ ਤਰੀਕੇ ਨਾਲ ਮਾਰਿਆ ਹੋਇਆ। ਹੋਰ ਕਈ ਲੇਖਕਾਂ ਦੀਆਂ ਕਈ ਪੁਸਤਕਾਂ ਵੀ ਮਾਸ ਖਾਣਾ ਵਹਿਸ਼ੀਪੁਣਾ ਦਸਦੀਆਂ ਹਨ। ਅਮਰੀਕਾ ਦਾ ਮਹਾਨ ਫ਼ਿਲਾਸਫ਼ਰ ਜਾਰਜ ਬਰਨਾਰਡ ਸ਼ਾਅ ਜੀਭ-ਰਸ ਦੀ ਪੂਰਤੀ ਲਈ ਨਿਰਦੋਸ਼ ਜੀਵਾਂ ਦਾ ਖ਼ੂਨ ਬਹਾਉਣਾ ਘੋਰ ਪਾਪ ਦਸਦਾ ਹੈ। ਉਹ ਲਿਖਦਾ ਹੈ, "ਆਪਣੇ ਸਰੀਰ ਨੂੰ ਜੀਵ-ਹਤਿਆ ਕਰ ਕੇ ਪਾਪ-ਭਰੀ ਖ਼ੁਰਾਕ ਤੋਂ ਗੁਰੇਜ਼ ਕਰੋ। ਇਸ ਸੋਹਣੀ ਧਰਤੀ ਨੇ ਸਾਨੂੰ ਕਿੰਨਾ ਸਾਫ-ਸੁਥਰਾ ਭੋਜਨ ਬਖ਼ਸ਼ਿਆ ਹੈ। ਇਹ ਸਾਰਾ ਕੁਝ ਜਾਨਵਰਾਂ ਦਾ ਖ਼ੂਨ ਬਹਾਏ ਬਿਨਾਂ ਪ੍ਰਾਪਤ ਹੋ ਸਕਦਾ ਹੈ।" 'ਹੰਸਾ ਹੀਰਾ ਮੋਤੀ ਚੁਗਣਾ' ਪੁਸਤਕ ਵਿਚ ਹੋਰ ਕਈ ਹਵਾਲੇ ਇਸ ਤਰ੍ਹਾਂ ਦੇ ਮਿਲਦੇ ਹਨ। ਫ਼ਾਰਸੀ-ਰਚਨਾ "ਦਬਿਸਤਾਨਿ ਮਜ਼ਾਹਿਬ" ਵਿਚ ਸਪੱਸ਼ਟ ਲਿਖਿਆ ਹੈ ਕਿ ਗੁਰੂ ਅਰਜਨ ਸਾਹਿਬ ਜੀ ਨੂੰ ਇਕ ਖ਼ਾਸ ਹੁਕਮ ਕਢਣਾ ਪਿਆ ਕਿ "ਮਾਸ ਖਾਣਾ ਗੁਰੂ ਨਾਨਕ ਦੇ ਘਰ ਵਿਚ ਮਨ੍ਹਾ ਹੈ।"

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੋਂ ਬਿਨਾਂ ਪੰਥ ਵਿਚ ਹੋਰ ਕਈ ਜੱਥੇ ਅਤੇ ਪੰਥ-ਪ੍ਰਸਿਧ ਵਿਅੱਕਤੀਆਂ ਮਾਸ ਖਾਣ ਦੀ ਮਨਾਹੀ ਕਰਦੀਆਂ ਹਨ। ਮਾਸ ਮਨੁੱਖ ਦੀ ਖ਼ੁਰਾਕ ਨਹੀਂ, ਦਰਿੰਦਿਆਂ ਦੀ ਖ਼ੁਰਾਕ ਹੈ। ਮਨੁੱਖ ਛਤੀ ਪਰਕਾਰ ਦੇ ਭੋਜਨ ਖਾਣ ਵਾਲੀ

www.AKJ.Org

ਸ਼੍ਰੇਣੀ ਵਿਚੋਂ ਹੈ। 'ਮਾਸ ਖਾਣ ਗਲ ਵਢ ਕੇ, ਹਾਲ ਤਿਨਾੜਾ ਕਉਣ ਹੋਵਸੀ' ਦਾ ਕੀ ਉਤਰ ਹੈ ?

ਹੈਰਾਨੀ ਹੈ ! ਐਸੀ ਮਹਾਨ ਸ਼ਖ਼ਸੀਅਤ, ਜੋ ਅਕਾਲ ਪੁਰਖ ਦੇ ਦਰ ਪਰਵਾਨ ਹੋਈ; ਜਿਸ ਨੂੰ ਪੰਥ ਦੀ ਸਮੁੱਚੀ ਦੁਨੀਆ ਵਿਚ ਸਤਿਕਾਰਿਆ ਪਿਆਰਿਆ ਗਿਆ, ਜਿਸ ਦੀ ਗੁਰਮਤਿ ਸੂਝ-ਬੂਝ ਅਗੇ ਲਾਸਾਨੀ ਫ਼ਿਲਾਸਫ਼ਰ ਪੰਡਤ ਕਰਤਾਰ ਸਿੰਘ ਨਾਬੀਨੇ ਵਰਗੇ ਵੀ ਗੋਡੇ ਟੇਕ ਗਏ ਅਤੇ ਜਿਸ ਦੀਆਂ ਰਚਿਤ ਪੁਸਤਕਾਂ ਗੁਰਮਤਿ ਦੀ ਅਥਾਰਟੀ ਮੰਨੀਆਂ ਜਾਂਦੀਆਂ ਹਨ, ਅੱਜ ਉਸ ਸ਼ਖ਼ਸੀਅਤ ਦੀ ਚੰਦਰਮਾ-ਵਤ ਨਿਰਮਲ ਸ਼ੋਭਾ ਵਿਚ ਖਾਹ-ਮਖ਼ਾਹ ਦਾਗ਼-ਦੋਸ਼ ਲੱਭੇ ਜਾ ਰਹੇ ਹਨ । ਇਹ ਵਤੀਰਾ ਨਿੰਦਕਾਂ ਵਲਾ ਹੈ । ਜਿਹਾ ਕਿ ਡਿਗਿਆਣਾ ਜੰਮੂ ਤੋਂ ਛਪ ਰਿਹਾ ਮਾਸਕ ਪਤਰ 'ਸਿਖ ਸੰਦੇਸ਼' ਦੇ ਮੁਖ ਲੇਖ "ਖ਼ਾਲਸਾ ਜੀ ! ਪਾਖੰਡੀਆਂ ਤੋਂ ਬਚੋ" ਵਿਚਲੀਆਂ ਹੇਠ ਲਿਖੀਆਂ ਸਤਰਾਂ ਹਨ :—

"ਅਜੇ ਕਲ ਦੀ ਹੀ ਤਾਂ ਗੱਲ ਹੈ ਕਿ ਪੰਥ ਦੇ ਇਕ ਸਿਧ ਗੁਰਸਿਖ ਭਾਈ ਰਣਧੀਰ ਸਿੰਘ ਜੀ, ਜਿਹੜੇ ਚੰਗੇ ਗੁਰਮੁਖਿ ਤੇ ਅੰਗਰੇਜ਼ਾਂ ਦੇ ਸਮੇਂ ਤਹਿਸੀਲਦਾਰ ਸਨ, ਨੇ ਦਿਲੀ ਵਿਚ ਰਕਾਬਗੰਜ ਗੁਰਦਵਾਰੇ ਦੀ ਕੰਧ ਗਿਰਾਉਂਦਿਆਂ ਬੰਦ ਕਰਵਾ ਦਿਤੀ । ਆਪ ਨੂੰ ਨੌਕਰੀਓਂ ਹੱਥ ਧੋ ਕੇ ਕੈਦ ਵੀ ਕਟਣੀ ਪਈ। ਭਾਈ ਸਾਹਿਬ ਫਿਰ ਪੈ ਗਏ ਸਤ ਮਾਰਗ ਤੇ – ਲਗੇ ਨਾਮ ਜਪਣ, ਪ੍ਰਚਾਰ ਕਰਨ । ਥੋੜਾ ਜਿਹਾ ਪੈਂਡਾ ਹੀ—ਆਪ ਨੂੰ ਸਤਿਕਾਰ ਬਹੁਤਾ ਮਿਲਣ ਕਾਰਨ ਕੁਝ ਹੰਕਾਰ ਉਤਪੰਨ ਹੋ ਗਿਆ । ਆਪ ਨੇ ਪੰਜਵਾਂ ਕਕਾ ਕੇਸਾਂ ਦੀ ਬਜਾਏ ਛੋਟਾ ਦਸਤਾਰਾ ਕੇਸਕੀ ਆਪਣੇ ਆਪ ਹੀ ਅਨੁਮਾਨ ਲਗਾ ਕੇ ਮਿਥ ਲਿਆ ਤੇ ਆਪਣੇ ਨਾਲ ਚੰਗੇ ਰਹਿਤ ਮਰਯਾਦਾ ਵਾਲੇ ਸਿਖਾਂ ਨੂੰ ਰਲਾ ਕੇ ਅੰਮ੍ਰਿਤ-ਪਰਚਾਰ ਕਰਨ ਲਗੇ, ਪਰ ਇਹੋ ਆਪਣੀ ਮਤ ਦਾ ਪਰਚਾਰ ਸ਼ੁਰੂ ਕਰ ਦਿਤਾ ਕਿ ਪੰਜਵਾਂ ਕਕਾ ਕੇਸਕੀ ਹੈ ਅਤੇ ਉਹਨਾਂ ਨੇ ਕੁਰਹਿਤਾਂ ਵਿਚ ਚੌਥੀ ਕੁਰਹਿਤ ਮਾਸ ਰਖ ਦਿਤੀ, ਹਾਲਾਂ ਕਿ ਚੌਥੀ ਕੁਰਹਿਤ ਕੁਠਾ ਭਾਵ ਮੁਸਲਮਾਨ ਦਾ ਕੋਹਿਆ ਮਾਸ ਪ੍ਰਸਿਧ ਹੈ, ਪਰ ਉਨ੍ਹਾਂ ਨੇ ਖਿਚ ਖਚ ਕੇ ਇਹ ਪਰਚਾਰ ਸ਼ੁਰੂ ਕਰ ਦਿਤਾ ਕਿ ਮਾਸ ਹੀ ਕੁਠਾ ਹੈ।

"ਇਥੋਂ ਇਕ ਵਖਰੀ ਲਹਿਰ ਚਲ ਪਈ ਹੈ, ਜਿਨ੍ਹਾਂ ਨੂੰ ਅਜ ਕਲ ਭਾਈ ਰਨਧੀਰ ਸਿੰਘੀਏ ਸਿਖ ਯਾ ਕਿਤੇ ਕਿਤੇ ਇਨ੍ਹਾਂ ਨੂੰ ਅਖੰਡ ਕੀਰਤਨੀ ਜੱਥਾ ਵੀ ਕਿਹਾ ਜਾਂਦਾ ਹੈ।

"ਹਾਲਾਂ ਕਿ ਸਿਖਾਂ ਵਿਚੋਂ ਇਹ ਸ਼੍ਰੇਣੀ ਪੂਰਨ ਰਹਿਤ ਮਰਯਾਦਾ ਵਾਲੀ ਨਾਮ ਅਭਿਆਸੀ ਹੈ, ਪਰ ਪ੍ਰਚਲਤ ਗੁਰਮਤ ਤੋਂ ਲਾਂਭੇ ਕੁਝ ਕੁ ਜਾ ਕੇ ਕੇਸਕੀ ਤੇ ਮਾਸ ਨੂੰ ਕੁਠਾ ਦਰਸਾਉਣ ਕਾਰਨ ਵੀ ਇਕ ਲਹਿਰ ਚਲ ਰਹੀ ਹੈ, ਜਿਹੜੀ ਅੱਗੇ ਚਲ ਕੇ ਵਖਰੇਜ ਪ੍ਰਾਪਤ ਕਰ ਸਕਦੀ ਹੈ।"

ਉਪਰੋਕਤ ਸਤਰਾਂ ਵਿਚ ਐਨ ਉਸ ਤਰ੍ਹਾਂ ਦਾ ਵਤੀਰਾ ਹੈ, ਜਿਹੜਾ ਕਿ ਉਸ ਸਿਖ-ਵੈਰੀ ਮੁਸਲਮਾਨ ਲਿਖਾਰੀ ਦਾ ਸੀ, ਜੋ ਸਿਖਾਂ ਨੂੰ ਨਫ਼ਰਤ ਨਾਲ ਸਗ (ਕੁੱਤੇ) ਕਹਿੰਦਾ ਹੋਇਆ ਵੀ ਉਨ੍ਹਾਂ ਦੇ ਕੌਮੀ ਗੁਣਾਂ, ਆਚਰਨ ਦੀ ਪਵਿਤਰਤਾ ਤੇ ਈਮਾਨਦਾਰੀ ਆਦਿਕ ਦਾ ਲੋਹਾ ਜਾਣੇ ਅਨਜਾਣੇ ਮੰਨ ਗਿਆ ਸੀ । ਉਪਰੋਕਤ ਸਤਰਾਂ ਦਾ ਲਿਖਾਰੀ ਕਹਿੰਦਾ ਹੈ ਕਿ ਇਨ੍ਹਾਂ ਨੂੰ ਅਜ ਕਲ ਰਨਧੀਰ ਸਿੰਘੀਏ ਸਿਖ ਯਾ ਕਿਤੇ ਕਿਤੇ ਅਖੰਡ ਕੀਰਤਨੀ ਜਥਾ ਵੀ ਕਿਹਾ ਜਾਂਦਾ ਹੈ । ਹੁਣ ਪਹਿਲੇ ਨਾਂ ਵਿਚ ਭਾਵ 'ਰਨਧੀਰ ਸਿੰਘੀਏ ਸਿਖ' ਆਖਣ ਵਿਚ ਤਾਂ ਲੇਖਕ ਦੀ ਨਫ਼ਰਤ ਫੁੱਟ ਫੁੱਟ ਨਿਕਲਦੀ ਹੈ । ਸਾਰੇ ਹੀ ਜਾਣਦੇ ਹਨ ਕਿ ਇਸ ਜਥੇ ਦਾ ਨਾਂ 'ਅਖੰਡ ਕੀਰਤਨੀ ਜੱਥਾ' ਹੈ। ਜੱਥੇ ਦਾ ਇਕ ਸਿੰਘ ਵੀ ਆਪਣੇ ਆਪ ਨੂੰ 'ਰਨਧੀਰ ਸਿੰਘੀ ਸਿਖ' ਨਹੀਂ ਕਹਿੰਦਾ, ਨਾ ਹੀ ਆਪਣੇ ਆਪ ਨੂੰ ਭਾਈ ਸਾਹਿਬ ਦਾ ਸਿਖ ਸ਼ੁਮਾਰ ਕਰਦਾ ਹੈ। ਉਹ ਤਾਂ ਆਪਣੇ ਆਪ ਨੂੰ ਸ੍ਰੀ ਦਸਮੇਸ਼ ਜੀ ਦਾ ਹੀ ਸਿਖ ਮੰਨਦਾ ਤੇ ਸਮਝਦਾ ਹੈ । ਕਿਸੇ ਵਿਅਕਤੀ ਜਾਂ ਸੰਸਥਾ ਦਾ ਅਸਲੀ ਨਾਂ ਉਹੋ ਹੀ ਹੈ, ਜੋ ਉਹ ਵਿਅਕਤੀ ਜਾਂ ਸੰਸਥਾ ਵਾਲੇ ਆਪ ਪ੍ਰਵਾਨ ਕਰਦੇ ਹਨ ਤੇ ਦਸਦੇ ਹਨ । ਸਿੰਘਾਂ (ਸ਼ੇਰਾਂ) ਨੂੰ ਸਗ (ਕੁੱਤੇ) ਕਹਿਣ ਵਾਲੇ ਆਪਣੀ ਨਫ਼ਰਤ ਦਾ ਪ੍ਰਗਟਾਵਾ ਕਰਦੇ ਸਨ, ਇਸੇ ਤਰ੍ਹਾਂ ਹੀ ਉਲਟੇ ਪੁਲਟੇ ਨਾਂ ਧਰਨ ਵਾਲੇ ਇਸ ਜਥੇ ਦਾ ਨਾਂ


www.AKJ.Org

ਤਾਂ ਨਹੀਂ ਬਦਲ ਸਕਦੇ, ਆਪਣੀ ਨਫ਼ਰਤ ਦਾ ਪ੍ਰਗਟਾਵਾ ਜ਼ਰੂਰ ਕਰ ਸਕਦੇ ਹਨ; ਕਰੀ ਜਾਣ । ਪਰ ਜੇ ਤੁਸੀਂ ਇਹ ਮੰਨਦੇ ਹੋ ਕਿ ਇਹ ਸ਼੍ਰੇਣੀ ਪੂਰਨ ਰਹਿਤ ਮਰਿਆਦਾ ਵਾਲੀ ਤੇ ਨਾਮ ਅਭਿਆਸ ਕਮਾਈ ਕਰਨ ਵਾਲੀ ਹੈ ਤਾਂ ਇਨ੍ਹਾਂ ਲੋਕਾਂ ਦੀ ਨਿੰਦਿਆ ਕਰਨ ਤੋਂ ਡਰੋ, ਈਰਖਾ ਨਾ ਕਰੋ । ਵੇਖੋ ਗੁਰੂ ਸਾਹਿਬ ਕੀ ਫ਼ੁਰਮਾਉਂਦੇ ਹਨ :—

ਜਿਨ ਕਉ ਆਪਿ ਦੇ ਵਡਿਆਈ, ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ ॥ ਡਰੀਐ ਤਾਂ ਜੇ ਕਿਛੁ ਆਪਦੂ ਕੀਚੈ, ਸਭੁ ਕਰਤਾ ਆਪਣੀ ਕਲਾ ਵਧਾਏ ॥ ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ, ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ ॥ ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ, ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥ ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ, ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ ॥ ਅਨਦਿਨ ਨਾਮੁ ਜਪਹੁ ਗੁਰਸਿਖਹੁ, ਹਰਿ ਕਰਤਾ ਸਤਿਗੁਰੁ ਘਰੀ ਵਸਾਏ ॥ ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ, ਹਰਿ ਕਰਤਾ ਆਪਿ ਮੁਹਹੁ ਕਢਾਏ ॥ ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ, ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ, ਹਰਿ ਦਾਸਨ ਕੀ ਹਰਿ ਪੈਜ ਰਖਾਏ ॥ [ਪੰ: ੩੦੮

ਨਾਮ-ਕਮਾਈਆਂ ਵਾਲਿਆਂ ਦੀਆਂ ਵਡਿਆਈਆਂ ਧੁਰੋਂ ਆਈਆਂ, ਗੁਰੂ ਕਰਤਾਰ ਦੀਆਂ ਰਜ਼ਾਈਆਂ ਵਿਚ ਹਨ । ਬਾਕੀ ਰਹੀ ਗੱਲ ਪ੍ਰਚਲਤ ਗੁਰਮਤਿ ਤੋਂ ਲਾਂਭੇ ਜਾਣ ਦੀ । ਇਸ ਸੰਬੰਧ ਵਿਚ ਪਹਿਲੀ ਬਿਨੈ ਤਾਂ ਇਹ ਹੈ ਕਿ ਸਾਨੂੰ ਦਿਮਾਗ਼ ਵਿਚੋਂ ਇਹ ਭੁਲੇਖਾ ਹਮੇਸ਼ਾ ਲਈ ਕੱਢ ਦੇਣਾ ਚਾਹੀਦਾ ਹੈ ਕਿ ਕਿਸੇ ਮਰਯਾਦਾ ਦਾ ਪ੍ਰਚਲਤ ਹੋ ਜਾਣਾ ਗੁਰਮਤਿ ਦੀ ਸਹੀ ਕਸਵਟੀ ਹੈ। ਕੀ ਨਾਮ-ਅਭਿਆਸ ਦਾ ਰਿਵਾਜ ਪ੍ਰਚਲਤ ਹੈ ? ਹਾਲਾਂ ਕਿ ਇਹ ਗੁਰਮਤਿ ਦਾ ਸਭ ਤੋਂ ਸਰੇਸ਼ਟ ਅਤੇ ਮੁਖ ਉਪਦੇਸ਼ ਹੈ, ਸਗੋਂ ਇਹ ਕਹਿਣਾ ਅਯੋਗ ਨਹੀਂ ਹੋਵੇਗਾ ਕਿ ਇਹੋ ਹੀ ਇਕੋ ਇਕ ਉਪਦੇਸ਼ ਸਾਰੀ ਬਾਣੀ ਵਿਚ ਓਤ ਪੋਤ ਹੈ; ਬਾਕੀ ਸਾਰੇ ਕਰਮ, ਜਿਨ੍ਹਾਂ ਦਾ ਗੁਰਮਤਿ ਉਪਦੇਸ਼ ਦੇਂਦੀ ਹੈ, ਇਸੇ ਮੁੱਖ ਕਰਮ ਦੇ ਸਹਾਇਕ ਹਨ । ਫਿਰ ਵੀ ਇਹ ਪੰਥ ਵਿਚ ਪਰਚਲਤ ਨਹੀਂ । ਅਨੇਕਾਂ ਅੰਮ੍ਰਿਤ-ਪ੍ਰਚਾਰਨੀ ਜੱਥੇ ਵੀ ਇਸ ਜ਼ਰੂਰੀ ਉਪਦੇਸ਼ ਦੀ ਕਮਾਈ ਲਈ ਪ੍ਰੇਰਨਾ ਨਹੀਂ ਦਿੰਦੇ । ਸੋ ਇਸ ਪ੍ਰਚਲਤ ਅਨਗਹਿਲੀ ਨਾਮ-ਕਮਾਈ ਵਲ ਵੇਖ ਕੇ ਇਹ ਨਤੀਜਾ ਹਰਗਿਜ਼ ਨਹੀਂ ਨਿਕਲ਼ ਸਕਦਾ ਕਿ ਇਹ ਗੁਰਮਤਿ ਦਾ ਮੁੱਖ ਅਸੂਲ ਨਹੀਂ। ਜੋ ਇਸ ਮੁੱਖ ਅਸੂਲ ਦੇ ਕਾਇਲ ਹਨ ਤੇ ਇਸ ਮੁੱਖ ਕਿਰਿਆ ਵਲ ਮਾਇਲ ਹਨ, ਜੇ ਉਹ ਕੇਸਕੀ ਨੂੰ ਪੰਜਵਾਂ ਕਕਾਰ ਮੰਨਦੇ ਹਨ ਜਾਂ ਹਰ ਮਾਸ ਨੂੰ ਕੁਠਾ ਗਰਦਾਨਦੇ ਹਨ ਤਾਂ ਕੀ ਉਹ ਨਿਰਾ ਇਸ ਗੱਲ ਨਾਲ ਹੰਕਾਰੀਆਂ ਦੀ ਸ਼ਰੇਣੀ ਵਿਚ ਸ਼ਾਮਲ ਕਰ ਦਿਤੇ ਜਾਣੇ ਚਾਹੀਦੇ ਹਨ ? ਕੀ ਉਹ ਗੁਰੂ-ਡੰਭ ਚਲਾਉਣ ਵਾਲੇ ਮਨਮਤੀਆਂ ਵਾਲੇ ਵਰਗ ਵਿਚ ਵਰਨਣ ਕਰਨੇ ਯੋਗ ਹਨ, ਜਿਨ੍ਹਾਂ ਨੂੰ ਤੁਸੀਂ ਆਪ ਹੀ ਪਰਸਿਧ ਤੇ ਚੰਗੇ ਗੁਰਮੁ ਵੀ ਮੰਨਦੇ ਹੋ ?

ਸੰਪਾਦਕ ਜੀ ! ਤੁਸੀਂ ਸਮਝਦੇ ਹੋ ਕਿ ਕੇਸਕ ਤੇ ਕੁਠੇ ਵਾਲੀ ਗੱਲ ਭਾਈ ਸਾਹਿਬ ਨੂੰ ਹੰਕਾਰ ਪੈਦਾ ਹੋਣ ਕਰ ਕੇ ਫੁਰੀ । ਨਾਲ ਇਹ ਵੀ ਲਿਖਦੇ ਹੋ ਕਿ ਕੈਦ ਕਟਣ ਵਿਛੋਂ ਭਾਈ ਸਾਹਿਬ ਨਾਮ ਜਪਣ ਵਿਚ ਜੁੱਟ ਗਏ । ਇਸ ਗੱਲ ਤੋਂ ਆਪ ਦਾ ਅਨਜਾਣਪੁਣਾ ਪਰਗਟ ਹੁੰਦਾ ਹੈ । ਭਾਈ ਸਾਹਿਬ ਜੀ ਦਾ ਨਾਮ-ਅਭਿਆਸ ਵਿਚ ਜੁਟਣਾ ਤਾਂ ਜੇਲ੍ਹ-ਯਾਤਰਾ ਤੋਂ ਬਹੁਤ ਪਹਿਲੋਂ ਅਰੰਭ ਹੁੰਦਾ ਹੈ ਜਦ ਕਿ ਐਬਟਾਬਾਦ ਵਿਚ ਆਪ ਕਿਸੇ ਅਦਾਰੇ ਵਿਚ ਹੈੱਡ-ਕਲਰਕ ਸਨ । ਪੂਰੀ ਜਾਣਕਾਰੀ ਲਈ 'ਜੇਲ੍ਹ-ਚਿਠੀਆਂ' ਪੁਸਤਕ ਦਾ ਮੁਢਲਾ ਕਾਂਡ ਪੜ੍ਹੋ ।

ਕੀ ਨਾਮ ਜਪਣ ਦਾ ਨਤੀਜਾ ਹੰਕਾਰ ਵਿਚ ਪਰਗਟ ਹੁੰਦਾ ਹੈ ? ਜਾਂ ਤਾਂ ਕਹਿੰਦੇ ਕਿ ਭਾਈ ਸਾਹਿਬ ਨਾਮ ਵਿਸਾਰ ਬੈਠੇ ਤਾਂ ਉਨ੍ਹਾਂ ਨੂੰ ਹੰਕਾਰ ਹੋ ਗਿਆ । ਫਿਰ ਤਾਂ ਇਹ ਤੁਹਾਡੀ ਗੱਲ ਦਲੀਲ ਦ

www.AKJ.Org

ਕਸਵੱਟੀ ਤੇ ਪੂਰੀ ਉਤਰ ਸਕਦੀ ਸੀ। ਬਾਣੀ ਕਹਿੰਦੀ ਹੈ ਕਿ ਜਿਥੇ ਨਾਮ ਹੈ ਉਥੇ ਹੰਕਾਰ, ਮਾਨ, ਹਉਮੈ ਦਾ ਅਭਾਵ ਹੈ —

"ਹਉਮੈ ਨਾਵੈ ਨਾਲਿ ਵਿਰੋਧੁ ਹੈ,
ਦੁਇ ਨ ਵਸਹਿ ਇਕ ਠਾਇ॥

[ਪੰਨਾ ੫੬੦

ਨਾਮ ਤੇ ਮਾਨ ਦੋਵੇਂ ਸ੍ਵੈ-ਵਿਰੋਧੀ ਵਸਤੂਆਂ ਹਨ। ਸੋ ਨਾਮ ਜਪਣ ਵਾਲੇ ਭਾਈ ਸਾਹਿਬ ਮਾਨ, ਹੰਕਾਰ ਦੇ ਢਹੇ ਕਿਵੇਂ ਚੜ੍ਹ ਗਏ ? ਇਹ ਕੇਵਲ ਅਨਜਾਣਤਾ, ਈਰਖਾ ਆਦਿ ਨਾਲ ਉਲਟੀ ਹੋਈ ਮਤ ਨਾਲ ਕਢਿਆ ਨਤੀਜਾ ਹੈ। ਤੁਸੀਂ ਵਿਦਵਾਨ ਲੇਖਕ ਜੀ! ਇਹ ਲਿਖਦੇ ਹੋ ਕਿ ਭਾਈ ਸਾਹਿਬ ਨੂੰ ਸਤਿਕਾਰ ਬਹੁਤਾ ਮਿਲਣ ਕਰਕੇ ਕੁਝ ਹੰਕਾਰ ਉਤਪੰਨ ਹੋ ਗਿਆ। ਇਸ ਵਾਕ ਵਿਚੋਂ ਈਰਖਾ ਦੀ ਬੋ ਬਦੋ-ਬਦੀ ਆ ਜਾਂਦੀ ਹੈ। ਨਾਮ ਜਪਣ ਵਾਲਿਆਂ ਦੀ ਵਡਿਆਈ ਜਿਹਾ ਕਿ ਪਿਛਲੇ ਸ਼ਬਦ ਤੋਂ ਪਰਗਟ ਹੈ, ਗੁਰੂ ਕਰਤਾਰ ਆਪ ਕਰਾਉਂਦਾ ਹੈ; ਉਂਜ ਨਾਮ ਜਪਣ ਵਾਲੇ ਇਸ ਵਡਿਆਈ ਨੂੰ ਗੁਰੂ ਦੀ ਵਡਿਆਈ, ਗੁਰੂ-ਬਖ਼ਸ਼ੀ ਵਡਿਆਈ ਜਾਣਦੇ ਹਨ ਤੇ ਮਾਨ ਦਾ ਲੇਸ-ਮਾਤਰ ਵੀ ਉਨ੍ਹਾਂ ਨੂੰ ਸਪੱਰਸ਼ ਨਹੀਂ ਹੁੰਦਾ। ਉਨ੍ਹਾਂ ਦਾ ਆਦਰਸ਼ ਤਾਂ ਹੈ :—

"ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ
ਜਾਰਿ॥ ਕੋਈ ਭਲਾ ਕਹਉ ਭਾਵੈ ਬੁਰਾ
ਕਹਉ ਹਮ ਤਨੁ ਦੀਓ ਹੈ ਢਾਰਿ॥"

[ਪੰਨਾ ੫੨੦

ਸੋ, ਜੇ ਭਾਈ ਸਾਹਿਬ ਦਾ ਨਾਮ ਜਪਣਾ ਮੰਨ ਲਿਆ ਜਾਵੇ ਤਾਂ ਉਨ੍ਹਾਂ ਨੂੰ ਲੋਕਾਂ ਵਲੋਂ ਸਤਿਕਾਰ ਮਿਲਣ ਕਰਕੇ ਹੰਕਾਰ ਹੋ ਜਾਣਾ ਨਹੀਂ ਮੰਨਿਆ ਜਾ ਸਕਦਾ। ਤੇ ਉਨ੍ਹਾਂ ਦੀਆਂ ਨਾਮ-ਅਭਿਆਸ ਕਮਾਈਆਂ, ਜੋ ਉਨ੍ਹਾਂ ਨੇ ਦਿਨ-ਰਾਤ ਇਕ ਕਰ ਕੇ ਕੀਤੀਆਂ, ਤੋਂ ਕੌਣ ਮੁਨਕਰ ਹੋ ਸਕਦਾ ਹੈ ? ਸੋ ਜੇ ਇਸ ਸਚਾਈ ਨੂੰ ਸਵੀਕਾਰ ਕਰ ਲਿਆ ਜਾਵੇ ਕਿ ਉਨ੍ਹਾਂ ਨੇ ਨਾਮ ਦੀ ਅਤੁੱਟ ਅਭਿਆਸ ਕਮਾਈ ਕੀਤੀ, ਤਾਂ ਬਿਨਾ ਤਕਰਾਰ ਤੋਂ ਇਹ ਇਕਰਾਰ ਕਰ ਲੈਣਾ ਭੀ ਉਚਿਤ ਹੈ ਬਲਕਿ ਜ਼ਰੂਰੀ ਹੈ ਕਿ ਉਨ੍ਹਾਂ ਅੰਦਰ ਹੰਕਾਰ ਨਹੀਂ ਕੰਮ ਕਰ ਰਿਹਾ ਸੀ, ਜਦੋਂ ਉਨ੍ਹਾਂ ਨੇ ਕੇਸਕੀ ਤੇ ਕੁੱਠੇ ਸੰਬੰਧੀ ਪਰਚਾਰ ਨੂੰ ਸੁਰਜੀਤ ਕੀਤਾ। ਉਨ੍ਹਾਂ ਦੇ ਇਨ੍ਹਾਂ ਬਾਰੇ ਵਿਚਾਰ 'ਸਿੰਘਾਂ ਦਾ ਪੰਥ ਨਿਰਾਲਾ' ਤੇ 'ਝਟਕਾ ਮਾਸ ਪ੍ਰਥਾਇ ਤਤ ਗੁਰਮਤਿ ਨਿਰਣਯ' ਪੁਸਤਕਾਂ ਵਿਚ ਮਿਲਦੇ ਹਨ। ਸੰਪਾਦਕ ਜੀ ਨੂੰ ਸ਼ਾਂਤ ਹਿਰਦੇ ਨਾਲ ਤੇ ਸੁਤੰਤਰ ਰਾਇ ਬਣਾਉਣ ਦੇ ਨਜ਼ਰੀਏ ਨਾਲ ਇਨ੍ਹਾਂ ਪੁਸਤਕਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਇਕ ਸਿਆਣੇ ਸੰਪਾਦਕ ਨੂੰ ਗੁਰਮਤਿ ਅਨੁਸਾਰ ਸਹੀ 'ਸਿਖ ਸੰਦੇਸ਼' ਦੇਣਾ ਚਾਹੀਦਾ ਹੈ, ਚਾਹੇ ਐਸਾ ਕਰਨ ਵਿਚ ਸੰਸਾਰਕ, ਵਿਹਾਰਕ ਤੌਰ ਤੇ ਕੋਈ ਨੁਕਸਾਨ ਵੀ ਹੋਵੇ। ਕੀ ਅਸੀਂ ਆਸ ਕਰੀਏ ਕਿ ਸੰਪਾਦਕ ਜੀ ਆਪਣੀ ਨਿਰਪੱਖ ਰਾਇ ਬਣਾਉਣ ਦੇ ਰਾਹੇ ਪੈਣਗੇ ?

ਜੇ ਇਹ ਪੁਸਤਕਾਂ ਪੜ੍ਹਨ ਉਪਰੰਤ ਸੰਪਾਦਕ ਦੀ ਰਾਇ ਨਾ ਬਦਲੇ ਤਾਂ ਘਟੋ ਘਟ ਇਹ ਤਾਂ ਮੰਨਣਾ ਹੀ ਪਵੇਗਾ ਕਿ ਭਾਈ ਸਾਹਿਬ ਜੀ ਦੇ ਦਰਸਾਏ ਵਿਚਾਰ ਗੁਰਬਾਣੀ ਤੇ ਇਤਿਹਾਸ ਦੀ ਰੌਸ਼ਨੀ ਵਿਚ ਹੀ ਪੇਸ਼ ਕੀਤੇ ਹੋਏ ਹਨ। ਖੋਜੀ ਪੁਰਸ਼ ਨੂੰ ਧਾਰੀ ਹੋਈ ਮਤ ਤੋਂ ਵਿਰੋਧੀ ਵਿਚਾਰ, ਸਗੋਂ ਉਤਸ਼ਾਹ ਤੇ ਕੁਝ ਗ੍ਰਹਿਣ ਕਰਨ ਦੀ ਦ੍ਰਿਸ਼ਟੀ ਨਾਲ ਪੜ੍ਹਨੇ ਚਾਹੀਦੇ ਹਨ। ਇਸ ਵਿਚ ਸੰਕੋਚ ਬਿਲਕੁਲ ਨਹੀਂ ਹੋਣਾ ਚਾਹੀਏ।

ਜੇ ਅਖੰਡ ਕੀਰਤਨੀ ਜਥੇ ਦਾ ਵਖਰੇਜ ਕੇਸਕੀ ਤੇ ਕੁੱਠਾ ਮਾਸ ਸੰਬੰਧੀ ਵਿਚਾਰਾਂ ਕਰ ਕੇ ਅਗਾਂਹ ਜਾ ਕੇ ਹੋਣਾ ਹੈ, ਤਾਂ ਉਹ ਹੁਣ ਵੀ ਹੈ। ਤੇ ਜੇ ਉਹ ਹੋਰ ਕਿਸੇ ਢੰਗ ਨਾਲ ਪ੍ਰਗਟ ਹੋਣਾ ਹੈ ਤਾਂ ਉਸ ਦੀ ਸਮਝ ਸਾਨੂੰ ਨਹੀਂ ਆਈ। ਇਹ ਵਖਰਾਪਨ ਹੀ ਖ਼ਾਲਸੇ ਦੀ ਖ਼ਾਸ ਵਿਸ਼ੇਸ਼ਤਾ ਹੈ। ਭਾਈ ਸਾਹਿਬ ਦੀ ਨਿਰਭੈ ਹੋਈ ਆਤਮਾ, ਆਪਣੇ ਅਨੁਭਵ ਵਿਚ ਮਹਿਸੂਸੀ ਸਚਾਈ ਨੂੰ ਕਿਵੇਂ ਲੁਕੋਂਦੀ । ਉਹ ਮਲੋ-ਮਲੀ ਪ੍ਰਗਟ ਹੋਈ। ਅਸੀਂ ਤਾਂ ਘਟੋ ਘਟ ਇਨ੍ਹਾਂ ਲੁਪਤ ਹੋ ਰਹੀਆਂ ਸਚਾਈਆਂ ਨੂੰ ਮੁੜ ਪ੍ਰਗਟਾਉਣ ਵਾਲੇ ਅਕਾਲ ਪੁਰਖ ਦੇ ਬਾਰ ਬਾਰ ਮਸ਼ਕੂਰ ਹਾਂ, ਨਾਲ ਹੀ ਉਸ ਮਹਾਨ ਆਤਮਾ ਦੇ, ਜਿਸ ਦੀ ਰਾਹੀਂ ਇਹ ਸਚਾਈਆਂ ਸਾਡੇ ਤਕ ਆਈਆਂ।

●


www.AKJ.Org

# ਪਿਆਰ

[ ਵਲੋਂ—ਪ੍ਰੋਫ਼ੈਸਰ ਸਾਹਿਬ ਸਿੰਘ ਜੀ, ਡੀ. ਲਿਟ. ]

ਜਦੋਂ ਮਨੁੱਖ ਸਰਬ-ਵਿਆਪਕ ਪ੍ਰਭੂ ਨਾਲ ਆਪਣੇ ਆਪ ਨੂੰ ਜੋੜ ਲੈਂਦਾ ਹੈ, ਉਸ ਦੇ ਅੰਦਰ ਪਿਆਰ ਦੇ ਸੋਮੇ-ਪ੍ਰਭੂ ਦਾ ਵਾਸ ਹੋਣ ਕਰਕੇ 'ਪਿਆਰ' ਇਤਨਾ ਫੁਟ ਫੁਟ ਪੈਂਦਾ ਹੈ ਕਿ ਉਸ ਨੂੰ ਹਰ ਥਾਂ 'ਭਲਾਈ' ਤੇ 'ਨੇਕੀ ਹੀ ਦਿਸਦੀ ਹੈ । ਨੇਕ ਯੁਧਿਸ਼ਟਰ ਤੇ ਬੁਰੇ ਦੁਰਯੋਧਨ ਨੂੰ ਜਦੋਂ ਕ੍ਰਿਸ਼ਨ ਜੀ ਨੇ ਬੁਰਾ ਤੇ ਭਲਾ ਮਨੁੱਖ ਲੱਭਣ ਲਈ ਘਲਿਆ ਤਾਂ 'ਬੁਰਾ ਨ ਕੋਈ ਯੁਧਿਸ਼ਟਰੈ, ਦੁਰਜੋਧਨ ਕੋ ਭਲਾ ਨ ਦੇਖੈ ।'

ਕਿਉਂ ?

ਪ੍ਰਭੂ ਸਭ ਦੇ ਅੰਦਰ ਵਸਦਾ ਹੈ, ਜਦੋਂ ਉਹ ਸਾਡੇ ਅੰਦਰ ਪ੍ਰਤੱਖ ਜਲਵਾ-ਗਰ ਹੁੰਦਾ ਹੈ, ਤਾਂ ਅਸਾਨੂੰ ਇਹ ਯਕੀਨ ਬਣਦਾ ਜਾਂਦਾ ਹੈ ਕਿ ਜਗਤ ਦੇ ਸਾਰੇ ਜੀਵਾਂ ਨਾਲ ਸਾਡੀ ਸਾਂਝ ਹੈ, ਅਸੀਂ ਉਹਨਾਂ ਨਾਲ ਅਭੇਦ ਹਾਂ । ਇਹ ਯਕੀਨ ਬਣਿਆਂ, ਫਿਰ ਅਸੀਂ ਕਿਸੇ ਨੂੰ ਦੁੱਖ ਨਹੀਂ ਦੇ ਸਕਦੇ । ਜੇ ਅਸੀਂ ਆਪਣੇ ਸਰੀਰ ਦੇ ਕਿਸੇ ਅੰਗ ਨੂੰ ਕਸ਼ਟ ਦੇਈਏ, ਤਾਂ ਉਸ ਦੀ ਪੀੜ ਸਾਰੇ ਅੰਗਾਂ ਨੂੰ, ਸਾਰੇ ਹੀ ਸਰੀਰ ਨੂੰ ਝੱਲਣੀ ਪੈਂਦੀ ਹੈ । ਇਹ ਸਾਰਾ ਜਗਤ ਪ੍ਰਭੂ ਦਾ 'ਆਕਾਰ' ਹੈ, ਪ੍ਰਭੂ ਦਾ ਸਰੀਰ ਹੈ, ਕਿਸੇ ਇਕ ਅੰਗ ਨੂੰ ਦੁੱਖ ਦਿਤਿਆਂ ਅਸਾਨੂੰ ਭੀ ਉਸ ਦੁੱਖ ਵਿਚ ਹਿੱਸਾ ਵੰਡਾਣਾ ਪਏਗਾ; ਅਸਾਨੂੰ ਭੀ ਉਹ ਪੀੜ ਸਹਿਣੀ ਪਏਗੀ ।

ਜਦੋਂ ਇਹ ਨਿਸਚਾ ਹੋ ਜਾਏ ਕਿ ਇਕੋ ਹੀ ਜੀਵਨ-ਰੌ ਸਭ ਦੇ ਅੰਦਰ ਰੁਮਕ ਰਹੀ ਹੈ, ਅਸੀਂ ਸਾਰੇ ਇਕੋ ਹੀ ਜੀਵਨ-ਸੋਮੇ ਦੇ ਸਾਂਝੀਵਾਲ ਹਾਂ, ਤਾਂ ਦੂਜਿਆਂ ਦੇ ਵਿਰੁੱਧ ਸਾਡੇ ਅੰਦਰ ਟਿਕੀ ਹੋਈ ਨਫ਼ਰਤ ਦੂਰ ਹੋ ਜਾਂਦੀ ਹੈ, ਦੂਜਿਆਂ ਦੇ ਵਿਰੁੱਧ ਬੱਝੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ, 'ਪਿਆਰ' ਦਾ ਸੋਮਾ ਅਸਾਡੇ ਅੰਦਰ ਫੁੱਟ ਨਿਕਲਦਾ ਹੈ, ਸਾਡੇ ਦਿਲ ਉਤੇ 'ਪਿਆਰ' ਹੀ ਰਾਜ ਕਰਨ ਲਗ ਪੈਂਦਾ ਹੈ । ਜਿਧਰ ਜਾਂਦੇ ਹਾਂ, ਜਿਧਰ ਤੱਕਦੇ ਹਾਂ, ਸਾਡੇ ਅੰਦਰ ਵੱਸਦਾ ਪ੍ਰਭੂ ਹੀ ਹਰ ਥਾਂ ਦਿਸਦਾ ਹੈ :—

'ਆਠ ਜਾਮ ਚਉਸਠਿ ਘਰੀ,
ਤੁਅ ਨਿਰਖਤ ਰਹੈ ਜੀਉ ॥
ਨੀਚੇ ਲੋਇਣ ਕਿਉ ਕਰਉ,
ਸਭ ਘਟ ਦੇਖਉ ਪੀਉ ॥੨੩੫॥
[ਸਲੋਕ ਕਬੀਰ

ਅੰਗਰੇਜ਼ੀ ਵਿਚ ਇਕ ਅਖਾਣ ਹੈ :—

He that takes the sword, shall perish by the sword.

ਸ੍ਰੀ ਕਲਗੀਧਰ ਜੀ ਭੀ 'ਜ਼ਫ਼ਰਨਾਮੇ' ਵਿਚ ਔਰੰਗਜ਼ੇਬ ਨੂੰ ਸਮਝਾਂਦੇ ਹੋਏ ਇਉਂ ਆਖਦੇ ਹਨ :—

ਮ-ਜ਼ਨ ਤੇਗ਼ ਬਰ ਖ਼ੂਨਿ ਕਸ ਬੇ ਦਰੇਗ ।

ਇਸ ਗੱਲ ਨੂੰ ਜੇ ਸਾਇੰਸ ਦੀ ਕਸਵੱਟੀ ਤੇ ਪਰਖੀਏ, ਤਾਂ ਸੋਲ੍ਹਾਂ ਆਨੇ ਠੀਕ ਉਤਰਦੀ ਹੈ । ਮਨੁੱਖ ਦੇ ਮਨ ਵਿਚੋਂ ਉੱਠਦਾ ਖ਼ਿਆਲ ਇਕ ਬੜੀ ਜ਼ਬਰ-ਦਸਤ ਤਾਕਤ ਹੈ । ਜਿਸ ਵੇਲੇ ਅਸੀਂ ਕਿਸੇ ਇਨਸਾਨ ਦੇ ਵਿਰੁੱਧ ਕੋਈ ਨਫ਼ਰਤ ਵਾਲਾ 'ਖ਼ਿਆਲ' ਆਪਣੇ ਮਨ ਵਿਚ ਲਿਆਉਂਦੇ ਹਾਂ, ਇਸ 'ਮੰਦੇ ਖ਼ਿਆਲ' ਦੀਆਂ ਠੋਕਰਾਂ (ether) 'ਅਕਾਸ਼' ਵਿਚ ਵਜ ਕੇ ਤੁਰਤ ਇਹ ਠੋਕਰਾਂ ਉਸ ਹਿਰਦੇ ਤੇ ਜਾ ਵੱਜਦੀਆਂ ਹਨ, ਜਿਸ ਦੇ ਵਿਰੁੱਧ ਸਾਡੇ ਅੰਦਰ ਨਫ਼ਰਤ ਪੈਦਾ ਹੋਈ ਸੀ । ਉਸ ਹਿਰਦੇ ਵਿਚੋਂ ਇਹ ਨਫ਼ਰਤ ਦੀਆਂ ਠੋਕਰਾਂ ਨਫ਼ਰਤ ਪੈਦਾ ਕਰ ਕੇ ਮੁੜ ਸਾਡੇ ਪਾਸ ਲੈ ਆਉਂਦੀਆਂ ਹਨ । ਇਹ ਤਮਾਸ਼ਾ ਅਸੀਂ ਰੋਜ਼ (radio) ਰੇਡੀਓ ਵਿਚ ਤੱਕਦੇ ਹਾਂ । ਕਿਸੇ ਰੇਡੀਓ-ਸਟੇਸ਼ਨ (station) ਤੋਂ ਚਲਾਈ (Wave-current) ਲਹਿਰ ਰੇਡੀਓ ਵਿਚ ਤਦੋਂ ਹੀ ਅਸਰ ਕਰਦੀ ਹੈ ਜਦੋਂ ਰੇਡੀਓ ਦੀ ਸੂਈ ਉਸ ਸੇਧ ਵਿਚ ਕਰੀਏ ਜਿਸ ਸੇਧ ਵਿਚ 'ਸਟੇਸ਼ਨ' ਤੋਂ ਲਹਿਰ ਚਲੀ ਹੈ । ਇਸ ਨਫ਼ਰਤ ਦਾ ਸਿੱਟਾ ਕੀ ਨਿਕਲਦਾ ਹੈ ? ਹਰੇਕ ਚੰਗਾ ਮੰਦਾ ਖ਼ਿਆਲ, ਹਰੇਕ ਵਿਕਾਰੀ ਜਜ਼ਬਾ, ਸਾਡੇ ਸਰੀਰ ਉੱਤੇ ਅਸਰ ਪਾਂਦਾ ਹੈ । ਸੋ, ਜਿਸ ਤੋਂ

www.AKJ.Org

ਨਫ਼ਰਤ ਕਰ ਰਹੇ ਹਾਂ, ਉਸ ਨਾਲੋਂ ਵਧੀਕ ਮਾੜਾ ਅਸਰ ਸਾਡੇ ਆਪਣੇ ਉਤੇ ਪੈਂਦਾ ਹੈ।

ਸਭ ਭੁੱਲਾਂ, ਪਾਪਾਂ ਤੇ ਗੁਨਾਹਾਂ ਦਾ ਮੂਲ ਕਾਰਨ ਖ਼ੁਦਗਰਜ਼ੀ ਹੈ ਅਤੇ ਖ਼ੁਦਗ਼ਰਜ਼ੀ ਜਹਾਲਤ ਅਗਿਆਨਤਾ ਤੋਂ ਪੈਦਾ ਹੁੰਦੀ ਹੈ। ਇਹ ਜਾਹਿਲ ਮੂਰਖ ਦਾ ਕੰਮ ਹੈ ਕਿ ਆਪਣੇ ਹੀ ਸੁਖ ਤੇ ਲਾਭ ਦਾ ਖ਼ਿਆਲ ਕਰਦਾ ਹੈ, ਭਾਵੇਂ ਏਸ ਸੁਖ ਦੇ ਟਾਕਰੇ ਤੇ ਕਿਤਨਿਆਂ ਦਾ ਹੀ ਨੁਕਸਾਨ ਹੋ ਜਾਏ; ਆਪਣੀ ਨਿੱਕੀ ਜਿਹੀ ਹਸਤੀ ਦੀ ਖ਼ਾਤਰ ਪਿਤਾ-ਪ੍ਰਭੂ ਦੇ ਵਡੇ ਪਰਵਾਰ ਦੀ ਪਰਵਾਹ ਨਹੀਂ ਕਰਦਾ। ਸੋ ਮੂਰਖ ਜਾਹਿਲ ਹੀ ਖ਼ੁਦਗਰਜ਼ ਹੁੰਦਾ ਹੈ। ਅਸਲ ਗਿਆਨੀ ਕਦੇ ਖ਼ੁਦ-ਗਰਜ਼ ਨਹੀਂ ਹੋ ਸਕਦਾ। ਉਹ ਇਹ ਸਮਝਦਾ ਹੈ ਤੇ ਵੇਖਦਾ ਹੈ ਕਿ ਮੈਂ ਇਕ ਵਡੇ ਪਰਵਾਰ ਦਾ ਅੰਗ ਹਾਂ, ਸਾਰੇ ਸਰੀਰ ਨੂੰ ਕੋਈ ਸੁਖ ਮਿਲਿਆਂ ਮੈਨੂੰ ਨਿਕੇ ਜਿਹੇ ਅੰਗ ਨੂੰ ਭੀ ਉਹ ਸੁਖ ਮਿਲ ਜਾਏਗਾ। ਸੋ, ਗਿਆਨੀ ਨਿਰਾ ਆਪਣੇ ਵਾਸਤੇ ਕਦੇ ਉਹ ਸੁਖ ਨਹੀਂ ਮੰਗਦਾ, ਜੋ ਉਹ ਸਾਰੀ ਮਨੁੱਖ-ਜਾਤੀ ਵਾਸਤੇ ਨਹੀਂ ਮੰਗਦਾ। ਨਿਰੀਆਂ ਕਿਤਾਬਾਂ ਪੜ੍ਹ ਲੈਣੀਆਂ ਗਿਆਨੀ ਦਾ ਲੱਛਣ ਨਹੀਂ ਹੈ :—

'ਪੜਿਆ ਮੂਰਖੁ ਆਖੀਐ
ਜਿਸੁ ਲਬੁ ਲੋਭੁ ਅਹੰਕਾਰਾ ॥'

ਕਈ ਬੰਦੇ ਆਖਦੇ ਸੁਣੀਦੇ ਹਨ—'ਫਲਾਣੇ ਬੰਦੇ ਵਿਚ ਤਾਂ ਕੋਈ ਲੱਛਣ ਇਨਸਾਨੀਅਤ ਵਾਲਾ ਨਹੀਂ ਦਿਸਦਾ।' ਇਹ ਗੱਲ ਗ਼ਲਤ ਹੈ। ਜੋ ਇਹ ਆਖਦਾ ਹੈ ਉਹ ਅਜੇ ਆਪ ਸੁਜਾਖਾ ਨਹੀਂ ਹੈ। ਜਿਸ ਬੰਦੇ ਵਿਚ ਤੁਹਾਨੂੰ ਕੋਈ 'ਗੁਣ' ਨਹੀਂ ਲਭਦਾ, ਉਸ ਵਲ ਹੋਰ ਡੂੰਘੀ ਨਿਗਾਹ ਮਾਰੋ, ਉਥੇ ਭੀ ਤੁਹਾਨੂੰ ਰੱਬ ਵੱਸਦਾ ਦਿਸੇਗਾ। ਪਰ, ਇਹ ਚੇਤਾ ਰਖੋ, ਰੱਬ ਹੀ ਰੱਬ ਨੂੰ ਪਛਾਣ ਸਕਦਾ ਹੈ। ਜਿਨ੍ਹਾਂ ਕੋੜ੍ਹੀਆਂ ਨੂੰ ਜਗਤ ਦੇ ਬੰਦਿਆਂ ਨੇ ਦੁਰਕਾਰ ਦਿਤਾ ਸੀ, ਸਤਿਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਅਪਣਾਇਆ, ਗੁਰੂ ਅਮਰਦਾਸ ਜੀ ਨੇ ਉਹਨਾਂ ਨੂੰ ਆਪਣਾ ਪੁਤਰ ਆਖਿਆ। ਉਹ ਜਾਣਦੇ ਸਨ ਤੇ ਹਰੇਕ ਵਿਚ ਵਸਦੇ ਰੱਬ ਨੂੰ ਪਛਾਣਦੇ ਸਨ, ਕਿਉਂਕਿ ਉਹਨਾਂ ਪਹਿਲਾਂ ਆਪਣੇ ਅੰਦਰ ਬੈਠੇ ਨੂੰ ਵੇਖ ਲਿਆ ਸੀ। ਗੁਰੂ ਨਾਨਕ ਦੇਵ ਜੀ ਨੇ ਸ਼ੂਦਰਾਂ ਤੇ ਨੀਵਿਆਂ ਨਾਲ ਬੈਠ ਕੇ ਰੋਟੀ ਖਾਧੀ, ਉੱਚਿਆਂ ਨੇ ਇਹਨਾਂ ਨੂੰ 'ਕੁਰਾਹੀਆ' ਆਖਿਆ। ਗੁਰੂ ਅਮਰਦਾਸ ਜੀ ਨੇ ਇਹਨਾਂ ਨੀਵਿਆਂ ਨਾਲ ਆਪਣੇ ਲੰਗਰ ਦੀ ਸਾਂਝ ਪਾਈ, ਉੱਚਿਆਂ ਨੇ ਇਸ ਨੂੰ ਭਾਰਾ 'ਅਨਰਥ' ਸਮਝਿਆ, ਤੇ ਏਸ 'ਲੰਗਰ' ਨੂੰ ਬੰਦ ਕਰਨ ਦੇ ਕਈ ਯਤਨ ਕੀਤੇ। ਇਹ ਲੋਕ ਆਪਣੀ ਉੱਚਤਾ ਦੀ ਅਪਣੱਤ ਵਿਚ ਵੇੜ੍ਹੇ ਪਏ ਸਨ, ਇਹਨਾਂ ਦੇ ਦੁਆਲੇ ਏਸ ਤੰਗ-ਦਿਲੀ ਦੀਆਂ ਕੰਧਾਂ ਏਤਨੀਆਂ ਉੱਚੀਆਂ ਤੇ ਮੋਟੀਆਂ ਹੋ ਚੁਕੀਆਂ ਸਨ ਕਿ ਇਹਨਾਂ ਨੂੰ ਆਪਣੇ ਅੰਦਰ ਵਸਦੇ ਪਿਤਾ-ਪ੍ਰਭੂ ਦਾ ਦੀਦਾਰ ਨਾ ਹੋਇਆ। ਇਹ ਵਿਚਾਰੇ ਉਸ ਨੂੰ ਦੂਜਿਆਂ ਵਿਚ ਕਿਵੇਂ ਵੇਖ ਸਕਦੇ?

ਇਸ ਜੀਵਨ-ਸਫ਼ਰ ਵਿਚ ਜਿਸ ਜਿਸ ਬੰਦੇ ਨਾਲ ਅਸਾਨੂੰ ਵਾਹ ਪੈਂਦਾ ਹੈ, ਜੇ ਹਰੇਕ ਦੇ ਵਾਸਤੇ ਅਸਾਡੇ ਹਿਰਦੇ ਵਿਚ 'ਪਿਆਰ' ਪੈਦਾ ਹੋਵੇ, ਤਾਂ ਇਹ 'ਪਿਆਰ' ਦੀ ਰੌ ਉਹਨਾਂ ਦੇ ਹਿਰਦੇ ਨਾਲ ਠੋਕਰ ਖਾ ਕੇ ਓਥੇ ਭੀ ਸਾਡੇ ਵਾਸਤੇ 'ਪਿਆਰ' ਦੀਆਂ ਲਹਿਰਾਂ ਪੈਦਾ ਕਰੇਗੀ, ਜੋ ਮੁੜ ਸਾਡੇ ਹਿਰਦੇ ਵਿਚ ਅਪੜ ਕੇ ਅਸਾਨੂੰ ਠੰਢਕ ਦੇਂਦੀਆਂ ਹਨ। ਸਾਇੰਸ ਦਾ ਇਹ ਇਕ ਡੂੰਘਾ ਅਸੂਲ ਹੈ, ਏਸੇ ਦੇ ਅਧਾਰ ਤੇ ਅੰਗਰੇਜ਼ੀ ਵਿਚ ਇਹ ਅਖਾਣ ਹੈ :—

If you would have all the world love you, you must first love all the world.

ਭਾਵ, ਜੇ ਤੁਸੀਂ ਚਾਹੁੰਦੇ ਹੋ ਕਿ ਸਾਰੀ ਦੁਨੀਆ ਤੁਹਾਨੂੰ ਪਿਆਰੇ, ਤਾਂ ਪਹਿਲਾਂ ਤੁਸੀਂ ਸਾਰੇ ਜਗਤ ਨੂੰ ਪਿਆਰ ਕਰੋ। ਪਰ, ਸਾਰੇ ਜਗਤ ਨੂੰ ਅਸੀਂ ਤਦੋਂ ਹੀ ਪਿਆਰ ਕਰ ਸਕਦੇ ਹਾਂ, ਜੇ ਸਭ ਥਾਂ ਪਿਤਾ-ਪ੍ਰਭੂ ਹੀ ਨਜ਼ਰੀਂ ਆਵੇ; ਤਾਹੀਏਂ ਫ਼ਰੀਦ ਜੀ ਭੀ ਆਖਦੇ ਹਨ :—

ਆਪੁ ਸਵਾਰਹਿ ਮੈ ਮਿਲਹਿ, ਮੈ ਮਿਲਿਆ
ਸੁਖੁ ਹੋਇ ॥ ਫਰੀਦਾ ਜੇ ਤੂ ਮੇਰਾ ਹੋਇ ਰਹਹਿ,
ਸਭੁ ਜਗੁ ਤੇਰਾ ਹੋਇ ॥੯੫॥

ਅਸਾਡੇ 'ਖ਼ਿਆਲ' ਇਕ ਬੜੀ ਜ਼ਬਰਦਸਤ ਤਾਕਤ


www.AKJ.Org

ਹਨ । ਜਿਤਨਾ 'ਪਿਆਰ' ਅਸੀਂ ਕਰਾਂਗੇ ਉਤਨਾ ਹੀ 'ਪਿਆਰ' ਸਾਡੇ ਨਾਲ ਕੀਤਾ ਜਾਏਗਾ। ਅਸਾਡੇ ਖ਼ਿਆਲ ਜੋ ਅਸਰ ਦੂਜਿਆਂ ਉਤੇ ਜਾ ਕੇ ਪਾਂਦੇ ਹਨ, ਉਸੇ ਅਸਰ ਨਾਲ ਲੱਦੇ ਹੋਏ ਮੁੜ ਸਾਡੇ ਪਾਸ ਆ ਜਾਂਦੇ ਹਨ। ਸੋ, ਇਕ ਅੰਗਰੇਜ਼ ਕਵੀ ਲਿਖਦਾ ਹੈ :—

Then let your secret thoughts be fair—
They have a vital part, and share.
In shaping words and moulding fate ;
God's system is so intricate ;

ਭਾਵ, ਪਹਿਲਾਂ ਤੁਸੀਂ ਆਪਣੇ ਖ਼ਿਆਲਾਂ ਨੂੰ ਸੁਅੱਛ ਹੋਣ ਦਿਉ; ਪ੍ਰਭੂ ਦੀ ਬਣਾਈ ਮਰਯਾਦਾ ਬੜੀ ਗੁੰਝਲਦਾਰ ਹੈ, ਮਨੁੱਖ ਦੇ ਇਹਨਾਂ 'ਖ਼ਿਆਲਾਂ' ਦੇ ਆਸਰੇ ਹੀ ਉਸ ਦੇ 'ਬੋਲ' ਬਣਦੇ ਹਨ ਤੇ 'ਕਿਸਮਤ' ਘੜੀਦੀ ਹੈ । ਪਰ, ਹਰੇਕ ਨਾਲ 'ਪਿਆਰ' ਕਰਨ ਦੀ ਵਾਦੀ ਕਿਵੇਂ ਬਣੇ ? ਸਭ ਨਾਲ 'ਪਿਆਰ' ਕਰਨ ਦੀ ਵਾਦੀ ਤਾਂ ਹੀ ਬਣ ਸਕਦੀ ਹੈ, ਜੇ ਅਸੀਂ ਹਰ ਵੇਲੇ (ether) 'ਅਕਾਸ਼' ਵਿਚ ਉਹਨਾਂ ਹੀ ਖ਼ਿਆਲਾਂ ਦਾ ਹਿਲੂਣਾ ਦੇਂਦੇ ਰਹੀਏ ਜੋ 'ਪਿਆਰ' ਹੀ 'ਪਿਆਰ' ਦੀ ਰੌ ਚਲਾ ਦੇਣ; ਭਾਵ, ਇਹੋ ਜਿਹੇ ਪਿਆਰ-ਭਰੇ ਬਚਨ ਸਦਾ ਬੋਲਦੇ ਰਹੋ, ਜਿਹੋ ਜਿਹੇ ਗੁਰੂ ਅਰਜਨ ਸਾਹਿਬ ਹੇਠ ਲਿਖੇ ਸ਼ਬਦ ਦੀ ਰਾਹੀਂ ਉਚਾਰਦੇ ਹਨ :—

ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥ ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥੧॥ ਜੋ ਪ੍ਰਭ ਕੀਨੋ ਸੋ ਭਲ ਮਾਨਿਓ, ਇਹ ਸੁਮਤਿ ਸਾਧੂ ਤੇ ਪਾਈ ॥੨॥ ਸਭ ਮਹਿ ਰਵਿ ਰਹਿਆ ਪ੍ਰਭੁ ਏਕੈ, ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥

[ਕਾਨੜਾ ਮਹਲਾ ੫

ਮਨੁੱਖ ਦਾ ਕੋਈ ਭੀ 'ਖ਼ਿਆਲ' ਜਗਤ-ਰਚਨਾ ਵਿਚ ਆਪਣਾ ਅਸਰ ਪਾਣ ਤੋਂ ਬਿਨਾਂ ਨਹੀਂ ਰਹਿ ਸਕਦਾ । ਸੋ, ਉਹ ਬੰਦਾ ਕਿਤਨਾ ਮੁਬਾਰਿਕ ਹੈ, ਜੋ ਉਪਰ-ਦਿਤੇ ਸ਼ਬਦ ਵਰਗੀ ਪਵਿੱਤਰ ਬਾਣੀ ਦੀ ਰਾਹੀਂ ਜਗਤ ਵਿਚ 'ਪਿਆਰ' ਦੀਆਂ ਲਹਿਰਾਂ ਪੈਦਾ ਕਰਦਾ ਰਹਿੰਦਾ ਹੈ । ਇਹ ਪਿਆਰ ਦੀਆਂ ਲਹਿਰਾਂ ਉਸ ਦੇ ਆਪਣੇ ਨਾਲ ਸੰਬੰਧ ਰਖਣ ਵਾਲਿਆਂ ਵਾਸਤੇ ਹੀ ਨਹੀਂ, ਸਗੋਂ ਸਾਰੇ ਜਗਤ ਲਈ ਲਾਭਦਾਇਕ ਹੁੰਦੀਆਂ ਹਨ।

ਮਨੁੱਖ ਤਾਂ ਕਿਤੇ ਰਹੇ, ਪਸ਼ੂ ਉੱਤੇ ਭੀ ਮਨੁੱਖ ਦੇ ਅੰਦਰੋਂ ਉੱਠਦੇ ਖ਼ਿਆਲਾਂ ਦਾ ਅਸਰ ਪੈਂਦਾ ਹੈ। ਪਸ਼ੂ ਵਲ ਰਤਾ ਪਿਆਰ ਦੀ ਨਿਗਾਹ ਨਾਲ ਤੱਕੋ, ਕਿਵੇਂ ਖ਼ੁਸ਼ ਹੁੰਦਾ ਹੈ ਤੇ ਪੂਛਲ ਹਿਲਾਉਂਦਾ ਹੈ; ਨਿੱਕੇ ਨਿੱਕੇ ਕੱਟੇ-ਕੱਟੀਆਂ ਤੇ ਵੱਛੇ-ਵੱਛੀਆਂ ਤਾਂ ਏਸ ਪਿਆਰ ਦੇ ਅਸਰ ਹੇਠ ਨੱਚਣ ਟੱਪਣ ਲੱਗ ਪੈਂ ਹਨ ।

'ਪਿਆਰ' ਜ਼ਿੰਦਗੀ ਦੇ ਗੁੱਝੇ ਭੇਤਾਂ ਦੀ ਕੁੰਜੀ ਹੈ 'ਪਿਆਰ' ਹੀ ਸਾਰੇ ਜਗਤ ਦਾ ਤੋਰਾ ਤੋਰ ਰਿਹਾ ਹੈ । 'ਪਿਆਰ' ਦੇ ਰੰਗ ਵਿਚ ਜੀਵੋ, ਸਭਨਾਂ ਪਾਸਿਆਂ ਤੋਂ 'ਪਿਆਰ' ਦੀਆਂ ਲਹਿਰਾਂ ਤੁਹਾਡੇ ਵਲ ਆਉਣਗੀਆਂ । ਨਫ਼ਰਤ ਤੇ ਈਰਖਾ ਵਿਚ ਜੇ ਟਿਕੋਗੇ ਤਾਂ ਚਾਰ ਚੁਫੇਰਿਓਂ ਇਹੀ ਲਹਿਰਾਂ ਤੁਹਾਡੇ ਹਿਰਦੇ ਨੂੰ ਆ ਠੁਕਰਾਉਣਗੀਆਂ । ਇਹ ਪੱਕਾ ਅਟੱਲ ਕੁਦਰਤੀ ਨਿਯਮ ਸਮਝੋ, ਕਿ ਜਿਸ ਕਿਸਮ ਦਾ ਖ਼ਿਆਲ ਤੁਹਾਡੇ ਅੰਦਰੋਂ ਉਠੇਗਾ, ਉਹ ਬਾਹਰੋਂ ਉਹੋ ਜਿਹਾ ਹੋਰ ਝੱਟਾ ਝੱਟ ਤੁਹਾਡੇ ਵਾਸਤੇ ਲੈ ਆਵੇਗਾ । ਇਹ ਖ਼ਿਆਲ ਫਿਰ ਮਨੁੱਖਾ-ਸਰੀਰ ਉੱਤੇ ਭੀ ਆਪਣਾ ਅਸਰ ਪਾਂਦੇ ਹਨ । ਪਿਆਰ ਦੇ ਫੁਰਨੇ ਜੀਵਨ-ਦਾਤਾ ਹਨ, ਸਿਹਤ ਅਰੋਗਤਾ ਪੈਦਾ ਕਰਦੇ ਹਨ ਤੇ ਚਿਹਰੇ ਨੂੰ ਸਦਾ ਖਿੜਿਆ ਰੱਖਦੇ ਹਨ, ਅਵਾਜ਼ ਨੂੰ ਮਿਠਾਸ ਨਾਲ ਭਰਦੇ ਹਨ ਤੇ ਹਰ ਤਰ੍ਹਾਂ ਮਨੁੱਖ ਨੂੰ ਮਨ-ਮੋਹਣਾ ਬਣਾਉਂਦੇ ਹਨ । ਪਰ ਦੂਜੇ ਪਾਸੇ, ਨਫ਼ਰਤ ਤੇ ਈਰਖਾ ਦੇ ਖ਼ਿਆਲ ਮਨੁੱਖ ਦੇ ਆਪਣੇ ਅੰਦਰ ਰੋਗ ਪੈਦਾ ਕਰਦੇ ਹਨ, ਉਸ ਦਾ ਚੇਹਰਾ ਭੀ ਭਰਿਸ਼ਟਿਆ ਰਹਿੰਦਾ ਹੈ, ਉਸ ਦੇ ਨੇੜੇ ਢੁੱਕਣ ਤੇ ਭੀ ਕਿਸੇ ਦਾ ਚਿੱਤ ਨਹੀਂ ਕਰਦਾ । ਸਾਹਿਬ ਫ਼ੁਰਮਾਂਦੇ ਹਨ :—

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨੁ ਸੁਹਾਗਾ ਢਾਲੈ ॥

[ਗੁਰੂ ਨਾਨਕ



www.AKJ.Org

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥

[ਗੁਰੂ ਨਾਨਕ

ਕਈ ਲੋਕ ਇਹ ਆਖਦੇ ਸੁਣੀਦੇ ਹਨ ਕਿ ਫਲਾਣਾ ਆਦਮੀ ਸਦਾ ਮੇਰਾ ਵੈਰੀ ਬਣਿਆ ਰਹਿੰਦਾ ਹੈ, ਭਾਵੇਂ ਮੈਂ ਕਦੇ ਭੀ ਉਸ ਬਾਰੇ ਆਪਣੇ ਅੰਦਰ ਵੈਰ-ਵਿਰੋਧ ਦੇ ਖ਼ਿਆਲ ਨਹੀਂ ਉਠਣ ਦਿੱਤੇ। ਕਈ ਵਾਰੀ ਇਹੋ ਜਿਹੀ ਗੱਲ ਹੋ ਭੀ ਸਕਦੀ ਹੈ । ਪਰ ਅਮਲੀ ਜੀਵਨ ਵਿਚ ਇਹ ਗੱਲ ਆਮ ਵੇਖਣ ਵਿਚ ਆਉਂਦੀ ਹੈ ਕਿ ਮਨੁੱਖ ਜਿਤਨੇ ਵਧੀਕ ਖ਼ਿਆਲ ਪਿਆਰ ਮੁਹੱਬਤ ਵਾਲੇ ਆਪਣੇ ਅੰਦਰ ਪੈਦਾ ਕਰਦਾ ਹੈ ਉਤਨੇ ਹੀ ਘੱਟ ਉਸ ਦੇ ਵੈਰੀ ਹੁੰਦੇ ਹਨ । ਇਕ ਗੱਲ ਸਾਫ਼ ਹੈ, ਜੇ ਕੋਈ ਮਨੁੱਖ ਸਾਡੇ ਵਿਰੁੱਧ ਨਫ਼ਰਤ ਤੇ ਵੈਰ ਦੇ ਖ਼ਿਆਲ ਆਪਣੇ ਅੰਦਰੋਂ ਪੈਦਾ ਕਰ ਕੇ ਸਾਡੇ ਵਲ ਭੇਜ ਰਿਹਾ ਹੈ ਤੇ ਜੇ ਅਗੋਂ ਅਸੀਂ ਉਹਨਾਂ ਵਿਹੁਲੇ ਖ਼ਿਆਲਾਂ ਨੂੰ ਮਿਲਣ ਲਈ ਪਿਆਰ-ਭਰੇ ਖ਼ਿਆਲ ਭੇਜਾਂਗਾ, ਤਾਂ ਉਹ ਵਿਹੁਲੇ ਖ਼ਿਆਲ ਅਸਾਡਾ ਕੋਈ ਨੁਕਸਾਨ ਨਹੀਂ ਕਰ ਸਕਣਗੇ, ਸਾਡੇ ਹਿਰਦੇ ਵਿਚ ਵੈਰ ਆਦਿਕ ਦੀ ਅੱਗ ਨਹੀਂ ਬਾਲ ਸਕਣਗੇ । ਪਰ, ਜੇ ਅਸੀਂ ਨਫ਼ਰਤ ਨੂੰ ਨਫ਼ਰਤ ਨਾਲ ਹੀ ਮਿਲਦੇ ਹਾਂ, ਤਾਂ ਏਸ ਭੜਕਦੀ ਅੱਗ ਉੱਤੇ ਹੋਰ ਬਾਲਣ ਤੇ ਤੇਲ ਪਾਂਦੇ ਹਾਂ, ਜੋ ਦੋਹਾਂ ਧਿਰਾਂ ਨੂੰ ਸਾੜਦੀ ਹੈ । ਜੇ ਕਿਸੇ ਖਰ੍ਹਵੇ ਬੰਦੇ ਨੂੰ ਤੁਸੀ ਭੀ ਖਰ੍ਹਵੇ-ਪਨ ਨਾਲ ਹੀ ਮਿਲਦੇ ਹੋ, ਤਾਂ ਤੁਸੀਂ ਇਹ ਸਾਬਤ ਕਰਦੇ ਹੋ ਕਿ ਤੁਹਾਡੇ ਆਪਣੇ ਅੰਦਰ ਭੀ ਖਰ੍ਹਵਾ-ਪਨ ਮੌਜੂਦ ਹੈ, ਤੇ ਏਸੇ ਸੁਭਾਉ ਨੇ ਤੁਹਾਡੇ ਵਾਸਤੇ ਦੂਜੇ ਬੰਦੇ ਪਾਸੋਂ ਖਰ੍ਹਵਾ-ਪਨ ਖਿੱਚ ਕੇ ਲੈ ਆਂਦਾ ਹੈ । ਫਿਰ ਤੁਹਾਡਾ ਕੋਈ ਹੱਕ ਨਹੀਂ ਕਿ ਤੁਸੀਂ ਉਸ ਬੰਦੇ ਦੀ ਕੋਈ ਸ਼ਿਕਾਇਤ ਕਰੋ । ਪਿਆਰ-ਜੀਵਨ ਵਾਲੇ ਨੇ ਤਾਂ ਬਾਬਾ ਫ਼ਰੀਦ ਜੀ ਦੇ ਏਸ ਗਾਡੀ ਰਾਹ ਉੱਤੇ ਤੁਰਨਾ ਹੈ :—

ਫਰੀਦਾ ਜੋ ਤੈ ਮਾਰਨਿ ਮੁਕੀਆ,
ਤਿਨਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ,
ਪੈਰ ਤਿਨਾ ਦੇ ਚੁੰਮਿ ॥੭॥

'ਮਿਠਤ' ਇਕ ਅੰਮ੍ਰਿਤ ਹੈ, ਜੋ ਮਿਠ-ਬੋਲੇ ਉਤੇ ਅਕਾਸ਼ਾਂ ਤੋਂ ਵਰਸਦਾ ਹੈ —

'ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ ॥'

[ਗੁਰੂ ਨਾਨਕ

## ਹੁਸ਼ਿਆਰਪੁਰ ਵਿਖੇ ਸ਼ਹੀਦੀ ਗੁਰਪੁਰਬ ਸਮਾਗਮ

ਪਹਿਲਾਂ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਦਾ ਸ਼ਹੀਦੀ ਪੁਰਬ ਕੁਮਾਰਹੱਟੀ ਮਨਾਇਆ ਜਾਂਦਾ ਸੀ, ਪਰ ਉਥੇ ਪਾਣੀ ਦੀ ਦਿਕਤ, ਚੜ੍ਹਾਈ ਉਤਰਾਈ ਦੀ ਔਖ ਅਤੇ ਸਿਖ-ਅਬਾਦੀ ਨਾਂ-ਮਾਤਰ ਹੋਣ ਕਾਰਨ ਪ੍ਰੋਗਰਾਮ ਬਦਲ ਦਿਤਾ ਗਿਆ ਹੈ ।

ਐਤਕੀ ਇਹ ਸ਼ਹੀਦੀ ਗੁਰਪੁਰਬ ਗੁਰਦਵਾਰਾ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਮਨਾਇਆ ਜਾਏਗਾ । ੨੨ ਤੋਂ ੨੬ ਮਈ ੧੯੭੪ ਤਕ ਇਹ ਪ੍ਰੋਗਰਾਮ ਹੋਣਗੇ ।

ਪ੍ਰੋਗਰਾਮ ਦਾ ਵੇਰਵਾ ਅਗਲੇ ਪਰਚੇ ਵਿਚ ਦਿਤਾ ਜਾਵੇਗਾ ।

## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਸ: ਰਾਜਿੰਦਰ ਸਿੰਘ ਜੀ Dudley U. K. ਵਲੋਂ ਦੋ ਪੌਂਡ | ੩੭—੦੦ |
| ਡਾਕਟਰ ਦਲਬੀਰ ਸਿੰਘ ਜੀ ਦਿਲੀ ਵਲੋਂ | ੧੦—੦੦ |
| ਭਾਈ ਸੇਵਕ ਸਿੰਘ ਜੀ ਪੂਹਨਾ (ਹਿਸਾਰ) ਵਲੋਂ | ੫—੦੦ |
| ਸ: ਜਗਮੋਹਣ ਸਿੰਘ ਜੀ, ਬਰੇਲੀ ਵਲੋਂ | ੧੧—੦੦ |
| ਸ: ਪਰਮਾ ਸਿੰਘ ਜੀ, ਕਾਨਪੁਰ ਵਲੋਂ | ੫—੦੦ |
| ਭਾਈ ਮਨਸ਼ਾ ਸਿੰਘ ਜੀ ਭੋਗਲ, ਨਵਾਂ ਸ਼ਹਿਰ (ਜਲੰਧਰ) ਵਲੋਂ | ੨੫—੦੦ |



www.AKJ.Org

# ਅਖੌਤੀ ਨਿਰੰਕਾਰੀਆਂ ਨੂੰ ਮੋੜੋ

[ ਵਲੋਂ—ਗੁਰਮਤਿ ਪ੍ਰਚਾਰਕ ਸਭਾ, ਚੰਡੀਗੜ੍ਹ ]

੨੩ ਸਤੰਬਰ, ੭੩ ਨੂੰ ਲੁਧਿਆਣਾ ਵਿਖੇ ਵਾਪਰੀ ਘਟਨਾ ਹਰੇਕ ਸਿਖ ਨੂੰ ਹਲੂਣਾ ਦਿੰਦੀ ਹੈ ਕਿ ਉਹ ਆਪਣੇ ਸਤਿਗੁਰੂ ਜੀ ਦਾ ਸਤਿਕਾਰ, ਸਿਖੀ ਧਰਮ ਦੀ ਸ਼ਰਧਾ ਅਤੇ ਪਿਆਰ ਵਿਚ ਵਧੇਰੇ ਪਰਪੱਕ ਹੋਵੇ। ਆਪੇ ਬਣ ਬੈਠਾ ਨਿਰੰਕਾਰੀ ਗੁਰੂ ਸਿਖਾਂ ਦੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਜਾਣਦਾ ਬੁਝਦਾ ਹੈ, ਪਰ ਉਹ ਆਪਣਾ ਗੁਰੂ ਪਦਵੀ ਵਾਲਾ ਝੱਸ ਪੂਰਾ ਕਰਨ ਲਈ ਭੋਲੇ-ਭਾਲੇ ਲੋਕਾਂ ਨੂੰ ਸਿਖ ਧਰਮ ਦੇ ਵਿਰੁੱਧ ਪ੍ਰਚਾਰ ਕਰ ਕੇ ਕੁਰਾਹੇ ਪਾਉਣ ਦਾ ਯਤਨ ਕਰਦਾ ਹੈ। ਇਸ ਬਾਰੇ ਇਹ ਦੱਸਣਾ ਉਚਿਤ ਹੋਵੇਗਾ ਕਿ ਅਜ ਕਲ੍ਹ ਅਖੌਤੀ ਨਿਰੰਕਾਰੀਆਂ ਨੇ ਆਪਣਾ ਭੰਡੀ-ਪ੍ਰਚਾਰ ਤੇਜ਼ ਕਰਨ ਲਈ ਵਡੇ ਵਡੇ ਸ਼ਹਿਰਾਂ ਵਿਚ ਨਿਰੰਕਾਰੀ ਭਵਨ ਬਣਾਏ ਹੋਏ ਹਨ ਅਤੇ ਲੋਕਾਂ ਨੂੰ ਇਹ ਆਖਦੇ ਫਿਰਦੇ ਹਨ ਕਿ ਉਨ੍ਹਾਂ ਦਾ ਗੁਰੂ ਨਿਰੰਕਾਰ ਦੇ ਦਰਸ਼ਨ ਕਰਾ ਦਿੰਦਾ ਹੈ। ਇਸ ਲਈ ਉਹ ਸਭ ਨੂੰ ਆਪਣਾ ਗਿਆਨ ਦੇਣ ਲਈ ਪ੍ਰੇਰਨਾ ਦਿੰਦੇ ਹਨ ਕਿ ਉਹਨਾਂ ਦੀ ਸੰਗਤ ਵਿਚ ਜਾਓ। ਉਨ੍ਹਾਂ ਦੀ ਸੰਗਤ ਤੇ ਸਿਖ ਗੁਰੂਆਂ ਵਲੋਂ ਦਸੀ ਗਈ ਸਤਿਸੰਗਤ ਵਿਚ ਬੜਾ ਅੰਤਰ ਹੈ। ਗੁਰਬਾਣੀ ਵਿਚ ਸਤਿਸੰਗਤ ਦੀ ਪਰਿਭਾਸ਼ਾ ਹੈ :—

ਸਤਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ,
ਨਾਨਕ, ਸਤਿਗੁਰਿ ਦੀਆ ਬੁਝਾਇ ਜੀਉ॥

[ਪੰਨਾ ੭੨

ਪਰ ਇਨ੍ਹਾਂ ਅਖੌਤੀ ਨਿਰੰਕਾਰੀਆਂ ਦੀ ਸੰਗਤ ਦੇ ਲੱਛਣ ਇਹ ਹਨ ਕਿ ਭਾਵੇਂ ਹਿੰਦੂ ਹੋਵੇ, ਮੁਸਲਮਾਨ ਹੋਵੇ, ਕੋਈ ਸ਼ਰਾਬ ਪੀਣ ਵਾਲਾ ਹੋਵੇ, ਵਿਭਚਾਰੀ ਹੋਵੇ, ਤਮਾਕੂ ਸੇਵਨ ਕਰਦਾ ਹੋਵੇ, ਪਤਿਤ ਹੋਵੇ, ਕੁਝ ਹੋਵੇ, ਉਹ ਇਨ੍ਹਾਂ ਦੀ ਸੰਗਤ ਦਾ ਧਾਰਨੀ ਬਣ ਸਕਦਾ ਹੈ ਤੇ ਇਨ੍ਹਾਂ ਪਾਸੋਂ ਗਿਆਨ ਪ੍ਰਾਪਤ ਕਰ ਸਕਦਾ ਹੈ, ਉਸ ਨੂੰ ਆਪਣੇ ਕਰਮ ਤਿਆਗਣ ਦੀ ਲੋੜ ਨਹੀਂ।

ਨਿਰੰਕਾਰੀਆਂ ਦੇ ਵਿਚਾਰ ਅਨੁਸਾਰ ਦੁਨੀਆ ਵਿਚ ਕੋਈ ਪਾਪ ਪੁੰਨ ਕਰਮ ਨਹੀਂ ਹਨ। ਇਕ ਅਖੌਤੀ ਨਿਰੰਕਾਰੀ ਲਈ ਆਪਣੀ ਤੇ ਪਰਾਈ ਇਸਤ੍ਰੀ ਇਕ ਸਮਾਨ ਹੀ ਹੈ। ਪਰ-ਇਸਤ੍ਰੀ ਨਾਲ ਵਿਕਾਰੀ ਸਬੰਧ ਰਖਣ ਦੀ ਉਨ੍ਹਾਂ ਨੂੰ ਖੁਲ੍ਹ ਹੈ।

੧੯੪੭ ਦੇ ਬਟਵਾਰੇ ਤੋਂ ਪਹਿਲਾਂ ਅਖੌਤੀ ਨਿਰੰਕਾਰੀਆਂ ਦਾ ਸਿਵਾਇ ਰਾਵਲਪਿੰਡੀ ਦੇ ਹੋਰ ਕਿਸੇ ਥਾਂ ਟਿਕਾਣਾ ਨਹੀਂ ਸੀ। ਗੁਰਬਚਨ ਸਿੰਘ ਦਾ ਪਿਉ ਅਵਤਾਰ ਸਿੰਘ ਰਾਵਲਪਿੰਡੀ (ਪਾਕਿਸਤਾਨ) ਸ਼ਹਿਰ ਵਿਚ ਪਹਿਲਾਂ ਪੁਰਾਣੇ ਕਿਲ੍ਹੇ ਦੇ ਨਾਲ ਹੀ ਇਕ ਮਕਾਨ ਵਿਚ ਕਰਾਏਦਾਰ ਸੀ ਅਤੇ ਇਸ ਨੇ ਆਪਣਾ ਅੱਡ ਮਹੱਲਾ ਮੋਹਨਪੁਰਾ ਵਿਚ ਬਣਾਇਆ ਹੋਇਆ ਸੀ ਉਸ ਮਕਾਨ ਵਿਚ ਉਸ ਨੇ ਆਪਣੀ ਵਿਉਂਤ ਦਾ ਇਕ ਤਹਿਖ਼ਾਨਾ ਬਣਾਇਆ ਹੋਇਆ ਸੀ। ਪਾਠਕਾਂ ਦਾ ਉਸ ਸਮੇਂ ਹੋਈ ਇਕ ਵਿਸ਼ੇਸ਼ ਘਟਨਾ ਵਲ ਧਿਆਨ ਦਿਵਾਉਣਾ ਜ਼ਰੂਰੀ ਹੈ ਜਿਸ ਤੋਂ ਭੋਲੇ-ਭਾਲੇ ਵੀਰਾਂ ਅਗੇ ਇਸ ਪਖੰਡ ਦਾ ਪਾਜ ਆਪਣੇ ਆਪ ਉਘੜ ਆਵੇਗਾ। ਜਿਵੇਂ ਅਜ ਕਲ੍ਹ ਅਖੌਤੀ ਨਿਰੰਕਾਰੀ ਆਪਣੇ ਏਜੰਟਾਂ ਨੂੰ ਕਈ ਕਈ ਖ਼ਿਤਾਬ ਦੇ ਰਹੇ ਹਨ ਤਿਵੇਂ ਉਥੇ ਵੀ ਇਨ੍ਹਾਂ ਨੇ ਆਪਣਿਆਂ ਚਮਚਿਆਂ ਵਿਚੋਂ ਕਿਸੇ ਨੂੰ ਭਾਈ ਗੁਰਦਾਸ, ਕਿਸੇ ਨੂੰ ਬਾਬਾ ਬੁੱਢਾ, ਕਿਸੇ ਨੂੰ ਬੇਬੇ ਨਾਨਕੀ ਤੇ ਕਿਸੇ ਨੂੰ ਭਾਈ ਮਨੀ ਸਿੰਘ ਆਦਿ, ਇਥੋਂ ਤਕ ਕਿ ਸੱਚੇ ਗੁਰੂ ਸਾਹਿਬਾਨ ਦੇ ਪਵਿੱਤਰ ਨਾਮਾਂ ਨੂੰ ਭੀ ਉਨ੍ਹਾਂ ਨਾਲ ਨਸਬ ਕੀਤਾ ਜਾਂਦਾ ਸੀ।

ਇਕ ਵਾਰੀ ਇਕ ਸਿਖ, ਜਿਸ ਦਾ ਨਾਉਂ ਮਹਿੰਦਰ ਸਿੰਘ ਸੀ ਅਤੇ ਜਿਸ ਦੀ ਪਤਨੀ ਦਾ ਨਾਉਂ ਗੋਬਿੰਦ ਕੌਰ ਸੀ, ਉਹ ਇਕ ਅਖੌਤੀ ਨਿਰੰਕਾਰੀ ਦੇ ਮਕਾਨ ਵਿਚ ਕਰਾਏਦਾਰ ਸਨ। ਉਸ ਮਾਲਕ-ਮਕਾਨ ਦੀ ਇਸਤ੍ਰੀ ਨੂੰ ਅਵਤਾਰ ਸਿੰਘ ਵਲੋਂ ਖ਼ਾਸ ਪਦਵੀ ਮਿਲੀ ਹੋਈ ਸੀ, ਜਿਸ ਕਰਕੇ ਉਹ ਆਪਣੀ ਕਰਾਏਦਾਰਨੀ ਨੂੰ



www.AKJ.Org

ਆਪਣੀ ਸੰਗਤ ਵਿਚ ਲੈ ਜਾਇਆ ਕਰਦੀ ਸੀ । ਸਹਿਜੇ ਸਹਿਜੇ ਉਸ ਨੇ ਉਸ ਇਸਤ੍ਰੀ ਨੂੰ ਪ੍ਰੇਰਿਆ ਕਿ ਉਹ ਬਾਬਾ ਜੀ (ਅਵਤਾਰ ਸਿੰਘ) ਪਾਸੋਂ ਨਿਰੰਕਾਰੀ (ਨਾਮ) ਲੈ ਲਵੇ । ਉਸ ਬੀਬੀ (ਗੋਬਿੰਦ ਕੌਰ) ਨੇ ਆਪਣੇ ਪਤੀ ਅਗੇ ਇਹ ਭੇਤ ਨਾ ਖੋਲ੍ਹਿਆ, ਪਰ ਕਿਸੇ ਨੇ ਉਸ ਦੇ ਪਤੀ (ਮਹਿੰਦਰ ਸਿੰਘ) ਦੇ ਕੰਨੀਂ ਸੂਹ ਪਾ ਦਿਤੀ ਕਿ ਤੇਰੀ ਇਸਤ੍ਰੀ ਅਖੌਤੀ ਨਿਰੰਕਾਰੀਆਂ ਦੀ ਸੰਗਤ ਵਿਚ ਜਾਂਦੀ ਹੈ। ਮਹਿੰਦਰ ਸਿੰਘ ਇਹ ਸੁਣ ਕੇ ਹੱਕਾ ਬੱਕਾ ਰਹਿ ਗਿਆ ।

ਉਸ ਨੇ ਆਪਣੀ ਇਸਤ੍ਰੀ ਦਾ ਪਿਛਾ ਕਰਨਾ ਸ਼ੁਰੂ ਕਰ ਦਿਤਾ ਅਤੇ ਵੇਲੇ ਕੁਵੇਲੇ ਉਸ ਦੀਆਂ ਹਰਕਤਾਂ ਨੂੰ ਤਾੜਦਾ ਰਿਹਾ । ਆਖ਼ਰਕਾਰ ਇਕ ਦਿਨ ਉਸ ਨੇ ਆਪਣੀ ਇਸਤ੍ਰੀ ਨੂੰ ਨਾਮ-ਧਰੀਕ ਨਿਰੰਕਾਰੀ ਅਵਤਾਰ ਸਿੰਘ ਦੀ ਵਿਭਚਾਰ-ਗੁਫ਼ਾ (ਤਹਿਖ਼ਾਨੇ) ਵਿਚੋਂ ਉਸ ਵੇਲੇ ਜਾ ਫੜਿਆ ਜਦੋਂ ਕਿ ਉਥੇ ਸ਼ਰਾਬ ਦੇ ਦੌਰ ਚਲ ਰਹੇ ਸਨ ਅਤੇ ਮਾਸ ਦੀਆਂ ਪਲੇਟਾਂ ਵਰਤੀਆਂ ਜਾ ਰਹੀਆਂ ਸਨ । ਉਸ ਨੇ ਰੋਹ ਵਿਚ ਆ ਕੇ ਆਪਣੀ ਇਸਤ੍ਰੀ ਨੂੰ ਬੁਰਾ ਭਲਾ ਕਿਹਾ ਤਾਂ ਉਹ ਮੁਸ਼ਟੰਡੇ ਟੁਟ ਕੇ ਪੈ ਗਏ । ਉਸ ਭਜ ਕੇ ਜਾਨ ਬਚਾਈ। ਜਦ ਇਸਤ੍ਰੀ ਘਰ ਆਈ ਤਾਂ ਉਸ ਦੀ ਛਿੱਤਰਾਂ ਨਾਲ ਖ਼ੂਬ ਸੇਵਾ ਕੀਤੀ। ਆਖ਼ਰਕਾਰ ਵਿਚਾਰਾ ਉਹ ਮਕਾਨ ਛਡ ਕੇ ਕਿਤੇ ਹੋਰ ਚਲਾ ਗਿਆ ।

ਉਪਰੋਕਤ ਘਟਨਾ ਪ੍ਰਗਟ ਕਰਦੀ ਹੈ ਕਿ ਕੋਈ ਵੀ ਮਰਦ ਜਾਂ ਇਸਤ੍ਰੀ ਆਪਣੇ ਆਪ ਅਖੌਤੀ ਨਿਰੰਕਾਰੀਆਂ ਦਾ ਸੰਗਤੀ ਨਹੀਂ ਬਣਦਾ, ਸਗੋਂ ਇਨ੍ਹਾਂ ਦੇ ਛਡੇ ਹੋਏ ਏਜੰਟ ਲੋਕਾਂ ਨੂੰ ਗੁਮਰਾਹ ਕਰ ਕੇ ਇਸ ਪਖੰਡ-ਜਾਲ ਵਿਚ ਫਸਾਉਂਦੇ ਹਨ । ਇਹ ਅਖੌਤੀ ਨਿਰੰਕਾਰੀਆਂ ਦੀ ਸਾਖ਼ਾ 'ਵਾਮ-ਮਾਰਗੀਆਂ' ਦਾ ਦੂਜਾ ਨਾਮ ਹੈ।

ਸੰਸਾਰ ਵਿਚ ਕਈ ਪ੍ਰਕਾਰ ਦੇ ਧਰਮ ਹਨ ਅਤੇ ਉਨ੍ਹਾਂ ਦੇ ਆਪੋ ਆਪਣੇ ਕਰਮ ਹਨ । ਸ੍ਰੀ ਗੁਰੂ ਨਾਨਕ ਨਾਮ-ਲੇਵਾ ਸਿਖਾਂ ਨੂੰ ਨਕਲੀ ਨਿਰੰਕਾਰੀਆਂ ਨਾਲ ਕੋਈ ਵੈਰ ਭਾਵਨਾ ਨਹੀਂ । ਸਿਖ ਤਾਂ ਇਹ ਚਾਹੁੰਦੇ ਹਨ ਕਿ ਵਿਗੜੇ ਨਿਰੰਕਾਰੀ ਰਾਹੇ-ਰਾਸਤੀ ਤੇ ਆਉਣ । ਜਦ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ-ਦੇਵ (ਗੁਰੂ) ਨਹੀਂ ਮੰਨਦੇ ਤਾਂ ਉਨ੍ਹਾਂ ਨੂੰ ਆਪਣੇ ਸੁਆਰਥ ਲਈ ਗੁਰਬਾਣੀ ਦੀ ਕੁਵਰਤੋਂ ਕਰਨ ਦਾ ਕੋਈ ਹੱਕ ਨਹੀਂ । ਜੇ ਉਹ ਆਪਣੇ ਆਪ ਨੂੰ ਗੁਰੂ ਨਾਨਕ ਆਦਿ ਪਦਵੀਆਂ ਨਾਲ ਆਪਣੀ ਪੂਜਾ ਕਰਵਾਉਂਦੇ ਹਨ ਤਾਂ ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਉਨ੍ਹਾਂ (ਨਕਲੀ ਨਿਰੰਕਾਰੀਆ) ਵਿਚ ਗੁਰੂਆਂ ਵਾਲਾ ਕਿਹੜਾ ਗੁਣ ਹੈ ! ਕੀ ਅੱਜ ਗੁਰਬਚਨ ਸਿੰਘ, ਜਿਹੜਾ ਆਪਣੇ ਆਪ ਨੂੰ, ਆਪਣੇ ਪਿਉ ਦੀ ਗੱਦੀ ਤੇ ਬੈਠ ਕੇ, ਗੁਰੂ ਸਦਾਉਂਦਾ ਹੈ, ਤੱਤੇ ਤਵੇ ਤੇ ਬੈਠ ਸਕਦਾ ਹੈ ? ਸ਼ਹੀਦਾਂ ਵਾਂਗ ਆਰਿਆਂ ਨਾਲ ਆਪਣੇ ਤਨ ਚਿਰਵਾ ਸਕਦਾ ਹੈ ? ਆਪਣੀ ਖੋਪਰੀ ਲੁਹਾ ਸਕਦਾ ਹੈ ? ਆਪਣੇ ਸੀਸ ਨੂੰ ਕਟਵਾ ਕੇ ਤਲੀ ਤੇ ਰਖ ਕੇ ਵੈਰੀਆਂ ਨਾਲ ਲੜ ਸਕਦਾ ਹੈ, ਜੋ ਕਿ ਗੁਰੂ ਦੇ ਸਿਖਾਂ ਦੇ ਹੀ ਕਾਰਨਾਮੇ ਹਨ ? ਜੇ ਉਸ ਵਿਚ ਅਜਿਹੀ ਸ਼ਕਤੀ ਨਹੀਂ ਤਾਂ ਇਸ ਦਾ ਫਲਸਰੂਪ ਨਿਰ-ਸੰਦੇਹ ਇਹ ਹੀ ਹੋਵੇਗਾ ਜਿਵੇਂ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਕ ਦੰਭੀ ਗੁਰੂ ਦਾ ਹੋਇਆ ਸੀ, ਜਿਹੜਾ ਕਿ ਆਪ ਸੱਪ ਦੀ ਜੂਨੀ ਵਿਚ ਪਿਆ ਹੋਇਆ ਸੀ ਅਤੇ ਉਸ ਦੇ ਚੇਲੇ ਚਪਟੇ ਕੀੜਿਆਂ ਦੇ ਰੂਪ ਵਿਚ ਉਸ ਨੂੰ ਖਾ ਰਹੇ ਸਨ।

ਸਿਖ ਧਰਮ ਵਿਚ ਅਜਿਹੇ ਅਖੌਤੀ ਅਤੇ ਦੰਭੀ ਗੁਰੂਆਂ ਲਈ ਕੋਈ ਥਾਂ ਨਹੀਂ । ਅਕਾਲੀ ਟਹਿਲ ਸਿੰਘ ਜੀ ਨਿਹੰਗ ਨੇ ਇਨ੍ਹਾਂ ਨਕਲੀ ਨਿਰੰਕਾਰੀਆਂ ਦੀ ਸੁਧਾਈ ਕਰਨ ਵਿਚ ਕਾਫ਼ੀ ਹਿੱਸਾ ਪਾਇਆ ਸੀ। ਰਾਵਲਪਿੰਡੀ ਵਿਚ ਜਦੋਂ ਅਕਾਲੀ ਕੌਰ ਸਿੰਘ ਜੀ ਉਥੇ ਸਨ, ਨਿਹੰਗ ਸਿੰਘ ਜੀ ਸਭ ਤੋਂ ਅਗੇ ਸਨ ਅਤੇ ਉਨ੍ਹਾਂ ਦੇ ਪਿਛੇ ਸਿਖ ਸੰਗਤਾਂ ਸਨ, ਜਿਨ੍ਹਾਂ ਨੇ ਅਖੌਤੀ ਨਿਰੰਕਾਰੀ ਮਿਸ਼ਨ ਦੀ ਮੁਢਲੀ ਜੜ੍ਹ ਅਵਤਾਰ ਸਿੰਘ ਨੂੰ ਪੁਰਾਣੇ ਕਿਲ੍ਹੇ ਵਾਲੇ ਮਕਾਨ ਵਿਚੋਂ ਭਜਾਇਆ ਸੀ ਅਤੇ ਇਸ ਪ੍ਰਤਿਕਰਮ ਦਾ ਪ੍ਰਭਾਵ ਨਿਰੰਕਾਰੀਆਂ ਦੇ ਮਨਾਂ ਤੇ ਬੁਰੀ ਤਰ੍ਹਾਂ ਪਿਆ ਸੀ ।



www.AKJ.Org

ਇਥੋਂ ਤਕ ਕਿ ਉਹ ਅਜ ਕਲ੍ਹ ਵਾਂਗ ਆਮ ਜਨਤਾ ਵਿਚ ਆਪਣਾ ਪ੍ਰਚਾਰ ਖੁਲ੍ਹਾ ਨਹੀਂ ਸਨ ਕਰ ਸਕਦੇ।

ਹੁਣ ਸਿਖ ਕੌਮ ਜਾਂ ਗੁਰੂ ਕੇ ਸਿੰਘਾਂ ਦੀ ਆਪਣੀ ਢਿਲਿਆਈ ਕਾਰਨ ਇਨ੍ਹਾਂ ਨਕਲੀਆਂ ਦੇ ਹੌਸਲੇ ਬਹੁਤ ਵਧ ਗਏ ਹਨ, ਕਿਉਂਕਿ ਉਹ ਸਰਕਾਰੀ ਪਿੱਠੂ ਬਣੇ ਹੋਏ ਹਨ। ਸਰਕਾਰ ਵੀ ਸਿਖਾਂ ਦੀ ਤਾਕਤ ਨੂੰ ਖੇਰੂੰ ਖੇਰੂੰ ਕਰਨ ਲਈ ਇਨ੍ਹਾਂ ਨਕਲੀ ਨਿਰੰਕਾਰੀਆਂ ਨੂੰ ਸ਼ਹਿ ਦੇਂਦੀ ਹੈ, ਜਿਸ ਦਾ ਸਬੂਤ ਇਹ ਹੈ ਕਿ ਜਦੋਂ ਵੀ ਕਿਸੇ ਨਿਰੰਕਾਰੀ ਭਵਨ ਦਾ ਉਦਘਾਟਨ ਕਰਨਾ ਹੁੰਦਾ ਹੈ ਤਾਂ ਕੇਂਦਰੀ ਲੀਡਰ ਜਾਂ ਮੰਤਰੀ ਵੀ ਉਨ੍ਹਾਂ ਦੇ ਸਮੇਲਨਾਂ ਦੀ ਅਗਵਾਈ ਕਰਦੇ ਹਨ। ਹੁਣ ਤਾਂ ਇਹ ਗੱਲ ਬਿਲਕੁਲ ਹੀ ਸਪੱਸ਼ਟ ਹੋ ਗਈ ਹੈ; ਅਖ਼ਬਾਰਾਂ ਵਿਚ ਵੀ ਇਹ ਖ਼ਬਰਾਂ ਆਈਆਂ ਹਨ ਅਤੇ ੨੮ ਅਕਤੂਬਰ, ੭੩ ਨੂੰ ਗੁਰੂ ਗ੍ਰੰਥ ਸਾਹਿਬ ਭਵਨ, ਅੰਬਾਲਾ ਵਿਖੇ ਗਿਆਨੀ ਊਧਮ ਸਿੰਘ ਜੀ ਨੇ ਵੀ ਦਸਿਆ ਹੈ ਕਿ ਕੁਵੈਤ ਵਿਚ, ਜਦੋਂ ਕਿ ਉਹ (ਗਿਆਨੀ ਊਧਮ ਸਿੰਘ ਜੀ) ਉਥੇ ਸਨ, ਗੁਰਬਚਨ ਸਿੰਘ ਨਕਲੀ ਨਿਰੰਕਾਰੀ ਦੇ ਉਥੇ ਜਾਣ ਤੇ, ਭਾਰਤ ਸਰਕਾਰ ਵਲੋਂ ਕੁਵੈਤ ਵਿਚ ਭਾਰਤੀ ਸਫ਼ੀਰ ਸ੍ਰੀ ਕਿਦਵਈ ਨੂੰ ਸੰਦੇਸ਼ ਭੇਜੇ ਗਏ ਕਿ ਗੁਰਬਚਨ ਸਿੰਘ (ਨਕਲੀ ਗੁਰੂ) ਦਾ ਹਵਾਈ ਅੱਡੇ ਤੇ ਸਿਖਾਂ ਵਲੋਂ ਸਵਾਗਤ ਕੀਤਾ ਜਾਏ। ਪਰ ਉਥੇ ਦੇ ਸਿੰਘਾਂ ਨੇ ਆਪਣੀ ਅਣਖ ਦਾ ਸਬੂਤ ਦਿਤਾ ਅਤੇ ਉਨ੍ਹਾਂ ਇਸ ਨਕਲੀ ਗੁਰੂ ਦਾ ਸਵਾਗਤ ਕਰਨੋਂ ਕਤਈ ਇਨਕਾਰ ਕਰ ਦਿਤਾ। ਉਨ੍ਹਾਂ ਸਫ਼ੀਰ ਨੂੰ ਕਿਹਾ ਕਿ ਜੇ ਉਹ ਗੁਰਦਵਾਰੇ ਆ ਕੇ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕੇ ਤਾਂ ਯੋਗ ਸਤਿਕਾਰ ਕੀਤਾ ਜਾਵੇਗਾ। ਪਰ ਜਦੋਂ ਇਹ ਸ਼ਬਦ ਸਫ਼ੀਰ ਵਲੋਂ ਦੰਭੀ ਗੁਰੂ ਨੂੰ ਦਸੇ ਗਏ ਤਾਂ ਉਸ ਨੇ ਕਿਹਾ, "ਮੈਂ ਖ਼ੁਦ ਗੁਰੂ ਹਾਂ, ਮੈਂ ਕਿਸੇ ਅਗੇ ਮੱਥਾ ਕਿਉਂ ਟੇਕਾਂ!"

ਬੜੀ ਹੈਰਾਨੀ ਦੀ ਗੱਲ ਹੈ ਕਿ ਪਰਮ ਸਤਿਕਾਰ ਯੋਗ ਗੁਰੂ ਸਾਹਿਬਾਨ ਨੇ ਮਾਨਵਤਾ ਲਈ ਬੜੀਆਂ ਬੜੀਆਂ ਘਾਲਾਂ ਘਾਲੀਆਂ। ਬਾਬਾ ਬੁੱਢਾ ਜੀ ਛੇਵੀਂ ਪਾਤਸ਼ਾਹੀ ਤਕ ਗੁਰਗੱਦੀ ਦਾ ਤਿਲਕ ਲਾਉਣ ਦੀ ਰਸਮ ਅਦਾ ਕਰਦੇ ਰਹੇ, ਪਰ ਉਨ੍ਹਾਂ ਨੇ ਐਡੀ ਮਹਾਨ ਸ਼ਖ਼ਸੀਅਤ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਇਆ। ਪਰ ਇਨ੍ਹਾਂ ਅਖੌਤੀ ਦੇਹਧਾਰੀ ਦੰਭੀ ਗੁਰੂਆਂ ਨੇ ਕਿਹੜੀਆਂ ਨਾਮ-ਕਮਾਈਆਂ ਕੀਤੀਆਂ ਹਨ? ਪੰਥ ਤੇ ਦੇਸ਼ ਦੀ ਖ਼ਾਤਰ ਕਿਹੜੀਆਂ ਘਾਲਾਂ ਘਾਲੀਆਂ ਹਨ? ਕਿਹੜੇ ਘਰ-ਬਾਰ ਲੁਟਾਏ ਤੇ ਕਿਹੜੀਆਂ ਕੁਰਬਾਨੀਆਂ ਕੀਤੀਆਂ ਹਨ? ਜਿਸ ਨਾਲ ਇਹ ਗੁਰੂ ਪਦ ਨੂੰ ਪ੍ਰਾਪਤ ਹੋਏ? ਇਹ ਤਾਂ ਮਲਕ ਭਾਗੋ ਵਾਂਗ ਭੋਲੇ-ਭਾਲੇ ਲੋਕਾਂ ਦਾ ਖ਼ੂਨ ਪੀ ਕੇ ਆਫਰੇ ਪਏ ਹਨ। ਧਾਰਮਕ ਖੇਤਰ ਵਿਚ ਕੰਮ ਕਰਨ ਦੀ ਯੋਗਤਾ ਤਾਂ ਇਕ ਪਾਸੇ ਰਹੀ, ਇਨ੍ਹਾਂ ਨੇ ਕੋਈ ਸਮਾਜ-ਸੁਧਾਰ ਵਲ ਵੀ ਕਦਮ ਨਹੀਂ ਪੁੱਟਿਆ। ਲੋਕਾਂ ਵਿਚ ਮਹਿੰਗਾਈ ਕਾਰਨ ਇਸ ਸਮੇਂ ਅਜਿਹੀ ਹਾਹਾਕਾਰ ਮਚੀ ਹੋਈ ਹੈ, ਥਾਂ ਥਾਂ ਤੇ ਮਲਕ ਭਾਗੋ ਤੇ ਸਜਣ ਠੱਗ ਵਰਗਿਆਂ ਨੇ ਅਡੇ ਬਣਾਏ ਹੋਏ ਹਨ, ਪ੍ਰੰਤੂ ਇਨ੍ਹਾਂ ਦੰਭੀ ਗੁਰੂਆਂ ਨੇ ਲੋਕਾਂ ਦੇ ਅਥਰੂ ਪੂੰਝਣ ਲਈ ਕਦੇ ਇਨ੍ਹਾਂ ਲੁਟੇਰਿਆਂ ਤਕ ਜਾਣ ਦਾ ਉਪਰਾਲਾ ਤਾਂ ਕੀ ਕਰਨਾ ਸੀ, ਸਰਕਾਰ ਦੇ ਕੰਨਾਂ ਤਕ ਹਾਹ ਦਾ ਨਾਹਰਾ ਤਕ ਨਹੀਂ ਪਹੁੰਚਾਇਆ। ਇਨ੍ਹਾਂ ਨੂੰ ਲੋੜ ਵੀ ਕੀ ਪਈ ਹੈ, ਇਹ ਤਾਂ ਮਾਇਆ ਦੀ ਰਿਧੀ ਸਿਧੀ ਵਿਚ ਹੀ ਗਲਤਾਨ ਹਨ। ਉਨ੍ਹਾਂ ਨੂੰ ਲੋਕਾਈ ਦੇ ਭਲੇ ਤਾਈਂ ਕੀ ਵਾਸਤਾ! ਉਨ੍ਹਾਂ ਨੂੰ ਆਪਣੀਆਂ ਕਾਰਾਂ, ਮੁਕਟ ਤੇ ਸੋਨੇ ਦੇ ਹਾਰਾਂ ਦਾ ਚਾਅ ਚੜ੍ਹਿਆ ਰਹਿੰਦਾ ਹੈ। ਉਹ ਤਾਂ ਆਪਣੇ ਹੱਡ-ਮਾਸ ਦੇ ਪੁਤਲੇ ਨੂੰ ਨੋਟਾਂ ਅਤੇ ਸੋਨੇ ਨਾਲ ਤੁਲਾ ਕੇ ਖ਼ੁਸ਼ ਹੁੰਦੇ ਹਨ।

ਇਨ੍ਹਾਂ ਪਾਸੋਂ ਕੋਈ ਪੁਛੇ ਕਿ ਅਜਿਹੇ ਫੋਕਟ ਕਰਮਾਂ ਦਾ ਉਨ੍ਹਾਂ ਦੇ ਚੇਲਿਆਂ ਨੂੰ ਕੀ ਲਾਭ ਹੈ? ਸਗੋਂ ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਉਹ ਵੀ ਇਸ ਪਾਪ ਦੀ ਹੱਟੀ ਦੇ ਸਾਂਝੀਵਾਲ ਹਨ ਅਤੇ ਜੋ ਖੱਟੀ ਕਰਦੇ ਹਨ ਉਹ ਮਾਸ ਤੇ ਸ਼ਰਾਬ ਅਰਥਾਤ ਐਸ਼ੋ-ਇਸ਼ਰਤ (ਵਿਕਾਰਾਂ) ਵਿਚ ਉੜਾ ਦਿੰਦੇ ਹਨ। ਅੰਗਰੇਜ਼ੀ ਦਾ ਅਖਾਣ ਠੀਕ ਢੁਕਦਾ ਹੈ ਕਿ :—

Ill got ill spent.


www.AKJ.Org

ਨੋਟਾਂ ਨਾਲ ਤੁਲ ਜਾਣਾ ਕਿਹੜੀ ਕੋਈ ਮਾਅਰਕੇ ਦੀ ਗੱਲ ਹੈ ! ਇਸ ਨਾਲ ਉਸ ਨੂੰ ਵਧ ਤੋਂ ਵਧ ਲਖਪਤੀ ਜਾਂ ਕ੍ਰੋੜਪਤੀ ਦੀ ਝੂਠੀ ਪਦਵੀ ਦਿਤੀ ਜਾ ਸਕਦੀ ਹੈ । ਕਿਥੇ ਮਾਨਵਤਾ ਦੇ ਤਾਰਕ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿਦਕੀ ਸਿਖਾਂ ਦਾ ਜੀਵਨ, ਤੇ ਕਿਥੇ ਇਨ੍ਹਾਂ ਨਕਲੀ ਨਿਰੰਕਾਰੀਆਂ ਦੀ ਐਸ਼-ਪ੍ਰਸਤੀ ਦੀ ਗੰਦਗੀ ! ਇਨ੍ਹਾਂ ਅਖੌਤੀ ਨਿਰੰਕਾਰੀਆਂ ਦਾ ਦੰਭੀ ਗੁਰੂ ਬੂਟਾ ਸਿੰਘ, ਜਿਹੜਾ ਕਿ ਪਿਸ਼ੌਰ ਵਿਚ ਡਬਲ ਰੋਟੀਆਂ ਦੀ ਦੁਕਾਨ ਕਰਦਾ ਸੀ, ਜਿਸਮ ਵਿਚ ਕੀੜੇ ਪੈਣ ਨਾਲ ਮਰਿਆ ਸੀ ਅਤੇ ਉਸ ਦੇ ਚੇਲੇ ਅਵਤਾਰ ਸਿੰਘ ਦਾ ਅੰਤ ਵੀ ਦਿਲੀ ਵਿਚ ਕੁਝ ਅਜਿਹਾ ਹੀ ਦੁਖਦਾਇਕ ਹੋਇਆ । ਬੂਟਾ ਸਿੰਘ ਨੇ ਹੀ ਨਕਲੀ ਨਿਰੰਕਾਰੀ ਸ਼ਾਖ਼ਾ ਨੂੰ ਅਜੋਕਾ ਰੂਪ ਦਿਤਾ ਸੀ, ਜਦੋਂ ਕਿ ਉਸ ਨੂੰ ਸ਼ਰਾਬ ਪੀ ਕੇ ਗੁਰੂ ਸਾਹਿਬ ਦੇ ਹਜ਼ੂਰ ਆਉਣ ਤੇ ਚਪੇੜਾਂ ਵਜੀਆਂ ਸਨ । ਉਸ ਤੋਂ ਪਹਿਲਾਂ ਬਾਬਾ ਰੱਤਾ ਜੀ ਆਦਿ ਸਿਖ ਗੁਰਮਤਿ ਦੇ ਧਾਰਨੀ ਸਨ ।

ਅਜੋਕਾ ਵਾਤਾਵਰਨ ਵੇਖ ਕੇ ਸਿਖਾਂ ਦੀ ਇਹ ਵਿਚਾਰਧਾਰਾ ਨਹੀਂ ਕਿ ਕਿਸੇ ਧੜੇ ਨਾਲ ਵੈਰ-ਵਿਰੋਧ ਕੀਤਾ ਜਾਵੇ, ਪਰ ਨਾਲ ਹੀ ਇਹ ਸਹਿਨ ਕਰ ਜਾਣਾ ਵੀ ਕਾਇਰਤਾ ਹੈ ਕਿ ਕੋਈ ਐਰਾ-ਗੈਰਾ ਉਠ ਕੇ ਮਾਨਵਤਾ ਦੇ ਤਾਰਕ ਸਤਿਗੁਰੂ ਸਾਹਿਬਾਨ ਦੀ ਸ਼ਾਨ ਵਿਚ ਤ੍ਰਿਸਕਾਰ ਭਰੇ ਸ਼ਬਦ ਮੂੰਹੋਂ ਕੱਢ ਦੇਵੇ, ਜਿਵੇਂ ਕਿ ਹੁਸ਼ਿਆਰਪੁਰ ਵਿਚ ਇਨ੍ਹਾਂ ਨਕਲੀ ਨਿਰੰਕਾਰੀਆਂ ਦੇ ਵਰਤਮਾਨ ਅਖੌਤੀ ਗੁਰੂ ਨੇ ਕਹੇ, ਜਿਸ ਦੇ ਰੋਸ ਵਜੋਂ ਅਣਖੀਲੇ ਸਿੰਘਾਂ ਨੇ ਪਿੰਡ ਮਹਿਤਾ ਚੌਕ, ਲੁਧਿਆਣਾ ਅਤੇ ਕਾਦੀਆਂ ਵਿਖੇ ਸਿਖੀ ਦਾ ਸਬੂਤ ਦਿਤਾ । ਜੇ ਸਚਮੁਚ ਹੀ ਇਸ ਅਖੌਤੀ ਗੁਰੂ ਪਾਸ 'ਨਾਨਕ ਨਿਰੰਕਾਰੀ' ਵਰਗੀ ਕੋਈ ਸ਼ਕਤੀ ਹੁੰਦੀ ਤਾਂ ਉਹ ਦੌੜ ਕੇ ਪੁਲਿਸ ਦੀ ਸ਼ਰਨ ਨਾ ਲੈਂਦਾ ਤੇ ਸਰਕਾਰ ਅਗੇ ਆਪਣੀ ਤੇ ਨਿਰੰਕਾਰੀ ਭਵਨਾਂ ਦੀ ਰਖਿਆ ਲਈ ਗੋਡੇ ਨਾ ਟੇਕਦਾ । ਸਿਖ ਸੰਗਤਾਂ ਇਸ ਵੇਲੇ ਇਹ ਮਹਿਸੂਸ ਕਰਦੀਆਂ ਹਨ ਕਿ ਇਹ ਝੂਠ ਦੀ ਦੁਕਾਨ ਬੰਦ ਹੋਣੀ ਚਾਹੀਦੀ ਹੈ, ਕਿਉਂਕਿ ਗੁਰੂ ਸਾਹਿਬਾਨ ਦੀ ਨਿੰਦਾ, ਗੁਰਬਾਣੀ ਦੇ ਉਲਟੇ ਸਿਧੇ ਆਪਣੀ ਮਰਜ਼ੀ ਦੇ ਅਰਥ ਕਰਨ ਤੋਂ ਇਲਾਵਾ ਇਹ ਜੁੰਡਲੀ ਜਨਤਾ ਨੂੰ ਆਚਰਨ-ਹੀਣ ਕਰ ਰਹੀ ਹੈ, ਜਿਸ ਨਾਲ ਕਿ ਸਿਖਾਂ ਦੇ ਨਾਉਂ ਨੂੰ ਧੱਬਾ ਲਗ ਰਿਹਾ ਹੈ । ਇਹ ਬੜੀ ਹਿਰਦੇ-ਵੇਧਕ ਗੱਲ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਸਿਖ ਧਰਮ ਦੀ ਸਥਿਤੀ ਅਤੇ ਸਿਖ ਭਾਵਨਾਵਾਂ ਨੂੰ ਬਿਨਾਂ ਭਾਂਪੇ ਹੀ ਅਖੌਤੀ ਗੁਰੂ ਨੂੰ ਮੁਆਫ਼ ਕਰਨ ਦਾ ਬਿਆਨ ਦੇ ਮਾਰਿਆ, ਜਿਸ ਨਾਲ ਕਿ ਉਨ੍ਹਾਂ ਦੀ ਸਿਖੀ-ਵਿਅਕਤੀਤਵ ਤੇ ਹੀ ਸ਼ੰਕਾ ਹੋਣੀ ਸ਼ੁਰੂ ਹੋ ਗਈ ਸੀ। ਭਾਵੇਂ ਪ੍ਰਧਾਨ ਜੀ ਨੇ ਸੰਤ ਭਿੰਡਰਾਂ ਵਾਲੇ ਸਿੰਘਾਂ ਅਗੇ, ਜਿਨ੍ਹਾਂ ਨੇ ਕਿ ਵਖ ਵਖ ਥਾਵਾਂ ਤੇ ਨਕਲੀ ਨਿਰੰਕਾਰੀਆਂ ਵਿਰੁੱਧ ਯੋਗ ਕਾਰਵਾਈ ਕੀਤੀ, ਆਪਣੀ ਗ਼ਲਤੀ ਮੰਨ ਕੇ ਖੁਲ੍ਹ-ਦਿਲੀ ਦਾ ਸਬੂਤ ਦਿਤਾ ਹੈ, ਪਰ ਕਿਤਨਾ ਚੰਗਾ ਹੁੰਦਾ ਜੇਕਰ ਉਹ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਪ੍ਰਬੰਧਕਾਂ ਨਾਲ ਮਿਲ ਕੇ ਇਕ ਸੁਚੱਜਾ, ਸੁਲਝਿਆ ਹੋਇਆ ਸਿਖ-ਅਸੂਲਾਂ ਦੇ ਆਧਾਰ ਤੇ ਬਿਆਨ ਦਿੰਦੇ, ਜਿਹੜਾ ਕਿ ਅਖ਼ਬਾਰਾਂ ਰਾਹੀਂ ਪਹਿਲੇ ਬਿਆਨ ਵਾਂਗ ਸਿਖ ਜਗਤ ਵਿਚ ਪਹੁੰਚਦਾ, ਕਿਉਂਕਿ ਉਨ੍ਹਾਂ ਦਾ ਵਿਚਾਰ ਧਾਰਮਕ ਖੇਤਰ ਵਿਚ ਸਾਰੀ ਸਿਖ ਕੌਮ ਦੀ ਤਰਜਮਾਨੀ ਕਰਦਾ ਹੈ।

ਹੁਣ ਸਮਾਂ ਹੈ ਕਿ ਸਿਖ ਪੰਥ ਦੀਆਂ ਉਘੀਆਂ ਪ੍ਰਚਾਰਕ ਸੰਸਥਾਵਾਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਹੇਮ ਕੁੰਟ ਮਿਸ਼ਨ, ਸ਼੍ਰੋਮਣੀ ਸਿਖ ਸਮਾਜ ਆਦਿ ਆਦਿ ਇਸ ਬਾਰੇ ਇਕ-ਮੁੱਠ ਹੋ ਕੇ ਲੋਕਾਂ ਅਗੇ ਇਨ੍ਹਾਂ ਨਕਲੀ ਨਿਰੰਕਾਰੀਆਂ ਦਾ ਪਾਜ ਖੋਲ੍ਹਣ ਅਤੇ ਗੁਰਮਤਿ-ਪ੍ਰਚਾਰ ਦੇ ਨਾਲ ਨਾਲ ਇਨ੍ਹਾਂ ਨਕਲੀਆਂ ਦੇ ਢਹੇ ਚੜ੍ਹਨ ਤੋਂ ਜਨਤਾ ਨੂੰ ਖ਼ਬਰਦਾਰ ਕਰਨ, ਤਾਂ ਜੁ ਲੋਕੀਂ ਆਪਣਾ ਅਮੋਲਕ ਜਨਮ ਬਰਬਾਦ ਨਾ ਕਰਨ । ਹੁਣ ਇਹ ਮਾਮਲਾ ਅੱਗ ਦੇ ਭਬੂਕੇ ਵਾਂਗ ਉਠ ਕੇ ਛਾਈਂ ਮਾਈਂ ਹੋ ਗਿਆ ਹੈ । ਭਾਵੇਂ ਦਿਲੀ ਨਿਰੰਕਾਰੀ ਸਭਾ ਵਲੋਂ ਇਕ ਇਸ਼ਤਿਹਾਰ ਅਜਿਹਾ ਨਿਕਲਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਗੁਰੂ (ਗੁਰਬਚਨ



www.AKJ.Org

ਸਿੰਘ) ਸਤਿਗੁਰੂਆਂ ਦਾ ਸਤਿਕਾਰ ਕਰਦਾ ਹੈ ਇਤਿ ਆਦਿ, ਪਰ ਇਸ ਨਾਲ ਸਿਖ-ਜਗਤ ਦੀ ਤਸੱਲੀ ਨਹੀਂ ਹੁੰਦੀ । ਚਾਹੀਦਾ ਇਹ ਹੈ ਕਿ ਜਿਹੜੇ ਮੂੰਹ ਨਾਲ ਉਸ ਨੇ ਗੁਰੂ ਸਾਹਿਬ ਦੀ ਸ਼ਾਨ ਵਿਚ ਭਦੇ ਸ਼ਬਦ ਵਰਤੇ ਹਨ, ਉਸੇ ਮੂੰਹ ਨਾਲ ਸਿਖ ਰਵਾਇਤਾਂ ਅਨੁਸਾਰ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਮੁਆਫ਼ੀ ਮੰਗੇ ਤੇ ਆਪਣੇ ਸ਼ਬਦ ਵਾਪਸ ਲਵੇ, ਤਾਂ ਜੁ ਉਹ ਚੀਜ਼ ਰਿਕਾਰਡ ਵਿਚ ਰਹਿ ਸਕੇ ਅਤੇ ਅਗੋਂ ਲਈ ਗ਼ੈਰ-ਸਿਖ ਜਗਤ ਨੂੰ ਸੂਚਨਾ ਮਿਲ ਜਾਵੇ ਅਤੇ ਸਿਖੀ ਅਣਖ ਕਾਇਮ ਰਹਿ ਸਕੇ ।

ਅੰਤ ਵਿਚ ਸਮੂਹ ਪੰਥਕ ਜਥੇਬੰਦੀਆਂ, ਪੰਥ-ਦਰਦੀਆਂ ਅਤੇ ਅੰਮ੍ਰਿਤਧਾਰੀ ਵੀਰਾਂ ਭੈਣਾਂ ਪਾਸ ਬੇਨਤੀ ਹੈ ਕਿ ਉਹ ਆਪਣੇ ਵਿਰਸੇ ਨੂੰ ਪਛਾਨਣ ਅਤੇ ਗੁਰਮਤਿ ਨਿਯਮਾਂ ਦੇ ਧਾਰਨੀ ਹੋ ਕੇ ਚੜ੍ਹਦੀ ਕਲਾ ਵਿਚ ਰਹਿਣ ਲਈ ਕੁਝ ਕਰ ਕੇ ਵਿਖਾਉਣ, ਕਿਉਂਕਿ ਅਜ ਇਸ ਦੰਭੀ ਗੁਰੂ ਵਲੋਂ ਇਹ ਜੁਰਅੱਤ ਹੋਈ ਹੈ, ਕਲ੍ਹ ਨੂੰ ਕੋਈ ਹੋਰ ਅਜਿਹਾ ਪਖੰਡੀ ਗੁਰੂ ਉਠ ਕੇ ਕੁਝ ਹੋਰ ਕਹਿਣ ਦਾ ਹੌਸਲਾ ਕਰ ਸਕਦਾ ਹੈ । ਗੁਰੂ ਕੀ ਫ਼ੌਜ ਬੁੱਢਾ ਦਲ ਨੂੰ ਵੀ ਇਸ ਪਾਸੇ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਇਹ ਫ਼ੌਜ ਗੁਰੂ ਦੀ ਆਨ ਸ਼ਾਨ ਕਾਇਮ ਰਖਣ ਵਿਚ ਸਭ ਤੋਂ ਮੋਹਰੇ ਹੁੰਦੀ ਹੈ ।

ਇਸ ਅਖੌਤੀ ਨਿਰੰਕਾਰੀ ਗੁਰੂ ਦਾ ਮੂੰਹ ਇਥੋਂ ਤਕ ਪਾਟ ਗਿਆ ਹੈ ਕਿ ਇਹਨਾਂ ਦੀ ਧਰਮ-ਪਤਨੀ, ਜਿਸ ਨੂੰ ਰਾਜਮਾਤਾ ਦੀ ਝੂਠੀ ਪਦਵੀ ਦੇ ਰਖੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਪੋਥਾ' ਹੀ ਦਸਦੀ ਹੈ ਅਤੇ ਐਲਾਨ ਕਰਦੀ ਹੈ ਕਿ ਮੁਕਤੀਦਾਤਾ ਮੇਰਾ ਪਤੀ ਹੈ, ਇਹ ਪੋਥਾ ਤੁਹਾਡਾ ਕੁਝ ਨਹੀਂ ਸੰਵਾਰ ਸਕਦਾ । ਇਸ ਲਈ ਇਸ ਦੇ ਮੂੰਹ ਵਿਚ ਲਗਾਮ ਪਾਉਣ ਦੀ ਲੋੜ ਹੈ । ਜੇ ਚਰਕੇ ਪਸ਼ੂ ਦੇ ਮੂੰਹ ਤੇ ਤੋਬਰਾ ਚਾੜ੍ਹਿਆ ਜਾਏ ਤਾਂ ਉਹ ਪਰਾਏ ਖੇਤਾਂ ਦੇ ਹਰੇ ਪਠਿਆਂ ਨੂੰ ਮੂੰਹ ਨਹੀਂ ਮਾਰ ਸਕਦਾ । ਇਸੇ ਤਰ੍ਹਾਂ ਜਿਹੜੇ ਸਿਖ ਆਪਣੀ ਨੌਜਵਾਨ ਪਨੀਰੀ ਨੂੰ ਸਿਖ ਧਰਮ ਦੀ ਫੁਲਵਾੜੀ ਵਿਚ ਪ੍ਰਫੁਲਤ ਹੋਇਆ ਵੇਖਣਾ ਚਾਹੁੰਦੇ ਹਨ, ਉਨ੍ਹਾਂ ਦਾ ਫ਼ਰਜ਼ ਬਣਦਾ ਹੈ ਕਿ ਨਿਰਾ ਤਨਖ਼ਾਹਦਾਰ ਪ੍ਰਚਾਰਕਾਂ ਵਲ ਨਾ ਵੇਖਣ, ਆਪ ਵੀ ਹਿੰਮਤ ਕਰ ਕੇ ਸਿਖੀ ਆਦਰਸ਼ ਤੇ ਚੱਲਣ, ਅਤੇ ਸੰਸਾਰ ਨੂੰ ਉਨ੍ਹਾਂ ਪੂਰਨਿਆਂ ਤੇ ਚੱਲਣ ਦੀ ਪ੍ਰੇਰਨਾ ਦੇਣ । ਇਸ ਤਰ੍ਹਾਂ ਅਖੌਤੀ ਨਿਰੰਕਾਰੀਆਂ ਨੂੰ ਠਰ੍ਹੰਮੇ ਨਾਲ ਸਮਝਾ ਕੇ ਕੁਕ੍ਰਿਤ ਕਰਮਾਂ ਵਲੋਂ ਮੋੜਨ ਦਾ ਪਰਉਪਕਾਰ ਕੀਤਾ ਜਾ ਸਕਦਾ ਹੈ ।

---

# ਕੀਰਤਨ ਦੇ ਧਨੀ ਭਾਈ ਮਹਿੰਦਰ ਸਿੰਘ ਜੀ S.D.O. ਵਲੋਂ ਚਿਤਾਵਨੀ

ਗੁਰਮੁਖ ਪਿਆਰੇ ਕੀਰਤਨ ਦੇ ਧਨੀ **ਭਾਈ ਮਹਿੰਦਰ ਸਿੰਘ ਜੀ** S.D.O., ਜੋ ਕਾਫ਼ੀ ਸਮਾਂ ਪਟਿਆਲੇ ਰਹੇ ਹਨ ਅਤੇ ਅਖੰਡ ਕੀਰਤਨੀ ਜੱਥੇ ਦੇ ਉਘੇ ਕੀਰਤਨੀਏ ਹਨ, ਉਹ ਪਟਿਆਲੇ ਤੋਂ ਟਾਂਡਾ ਉੜਮੁੜ ਬਦਲੇ ਅਤੇ ਅਜ ਕਲ੍ਹ ਹੁਸ਼ਿਆਰਪੁਰ ਆ ਗਏ ਹਨ, ਉਹ ਸਮੂੰਹ ਸੰਗਤਾਂ ਨੂੰ ਸੂਚਿਤ ਕਰਦੇ ਹੋਏ ਸਪੱਸ਼ਟ ਕਰਦੇ ਹਨ ਕਿ—

"ਮੇਰਾ ਅਜ ਕਲ੍ਹ ਮਾਸਕ ਪੱਤਰ 'ਬਲਿਓ ਚਰਾਗ' ਨਾਲ ਕੋਈ ਸਬੰਧ ਨਹੀਂ ਹੈ ਅਤੇ ਨਾ ਹੀ ਅੱਜ ਕਲ੍ਹ ਮੇਰੇ ਵਲੋਂ ਇਸ ਪਰਚੇ ਵਿਚ ਕੋਈ ਕੀਰਤਨ-ਪ੍ਰੋਗਰਾਮ ਛਪਵਾਇਆ ਜਾਂਦਾ ਹੈ । 'ਬਲਿਓ ਚਰਾਗ' ਵਿਚ ਛਪਣ ਵਾਲੇ ਕੀਰਤਨ-ਪ੍ਰੋਗਰਾਮਾਂ ਵਿਚ ਆਉਣ ਵਾਲੇ ਨਾਂ **ਭਾਈ ਮਹਿੰਦਰ ਸਿੰਘ ਜੀ ਨੰਨਾ ਕੋਈ ਹੋਰ ਸਜਣ ਹੈ** । ਮੇਰਾ ਇਨ੍ਹਾਂ ਕੀਰਤਨ-ਪ੍ਰੋਗਰਾਮਾਂ ਨਾਲ ਕੋਈ ਸਬੰਧ ਨਹੀਂ ।

"ਸੰਗਤਾਂ ਭਾਈ ਮਹਿੰਦਰ ਸਿੰਘ ਨੰਨਾ ਜੀ ਦੇ ਨਾਂ ਤੋਂ ਟਪਲਾ ਖਾ ਕੇ ਮੈਨੂੰ ਚਿਠੀਆਂ ਪਾਉਂਦੀਆਂ ਹਨ ਅਤੇ ਉਨ੍ਹਾਂ ਪ੍ਰੋਗਰਾਮਾਂ ਬਾਰੇ ਪੁਛ-ਗਿਛ ਕਰਦੀਆਂ ਹਨ, ਜਿਨ੍ਹਾਂ ਦਾ ਮੈਨੂੰ ਕੋਈ ਪਤਾ ਨਹੀਂ ਹੁੰਦਾ । ਉਪਰੋਕਤ ਬਿਆਨ ਸੰਗਤਾਂ ਨੂੰ ਸਹੀ ਜਾਣਕਾਰੀ ਦੇਣ ਲਈ ਦੇ ਰਿਹਾ ਹਾਂ ।"



www.AKJ.Org

# ਪੁਸਤਕ 'ਗੁਰਮਤਿ ਸਚ ਨਿਰਣਯ'

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਸਚ ਨਿਰਣਯ' ਪੁਸਤਕ ਬੜੇ ਚਿਰ ਤੋਂ ਖ਼ਤਮ ਸੀ, ਸੋ ਛਪ ਕੇ ਤਿਆਰ ਹੋ ਰਹੀ ਹੈ ਅਤੇ ਅੰਮ੍ਰਿਤਸਰ ਵਿਖੇ ਐਤਕੀਂ ਦੇ ਵੈਸਾਖੀ ਸਮਾਗਮ ਤੇ ਸੰਗਤਾਂ ਪ੍ਰਾਪਤ ਕਰ ਸਕਣਗੀਆਂ।

ਦਾਸ—ਬਲਬੀਰ ਸਿੰਘ

**ਭਾਈ ਸਾਹਿਬ ਭਾਈ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ**

੧੨੬—ਮਾਡਲ ਟਾਊਨ, ਲੁਧਿਆਣਾ—੧

---

# ਜਲੰਧਰ ਜ਼ਿਲੇ ਦੇ ਕੀਰਤਨ ਸਮਾਗਮਾਂ ਦਾ ਵੇਰਵਾ

੬—੭ ਅਪ੍ਰੈਲ ਰਾਤ ਕੀਰਤਨ ਰੈਣ-ਸਬਾਈ ਤੇ ਅੰਮ੍ਰਿਤ-ਸੰਚਾਰ ਗੁਰਦਵਾਰਾ ਪਿਪਲ ਵਾਲਾ, ਕਪੂਰਥਲਾ ਵਿਖੇ
੧੧ ਤੋਂ ੧੩ ਅਪ੍ਰੈਲ ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ
੨੦—੨੧ ਅਪ੍ਰੈਲ ਰਾਤ ਕੀਰਤਨ ਰੈਣ-ਸਬਾਈ ਤੇ ਅੰਮ੍ਰਿਤ-ਸੰਚਾਰ, ਪਿੰਡ ਗਿਲ ਜ਼ਿਲਾ ਜਲੰਧਰ
੨੮ ਅਪ੍ਰੈਲ ਐਤਵਾਰ ਸਵੇਰੇ ੫ ਤੋਂ ੧੦, ਗੁਰਦਵਾਰਾ ਰਾਮਗੜ੍ਹੀਆਂ, ਕਪੂਰਥਲਾ ਰੋਡ, ਜਲੰਧਰ

---

# ਬਠਿੰਡੇ ਵਿਖੇ ਰੈਣ-ਸਬਾਈ ਕੀਰਤਨ

ਸੰਗਤਾਂ ਨੂੰ ਬਿਨੈ ਹੈ ਕਿ ੨੦-੪-੭੪ ਸ਼ਨੀਵਾਰ ਦੀ ਰਾਤ ਨੂੰ ਗੁਰਦੁਆਰਾ ਕਿਲ੍ਹਾ ਮੁਬਾਰਕ ਬਠਿੰਡਾ ਵਿਖੇ, ਜਿਥੇ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਏ ਹੋਏ ਹਨ, ਅਖੰਡ ਕੀਰਤਨੀ ਜਥੇ ਵਲੋਂ ਰੈਣ-ਸਬਾਈ ਕੀਰਤਨ ਸਮਾਗਮ ਹੋ ਰਹੇ ਹਨ। ਭਾਈ ਸੰਤੋਖ ਸਿੰਘ ਜੀ ਜਲੰਧਰ ਵਾਲੇ ਆਪਣੇ ਸਾਥੀਆਂ ਸਮੇਤ ਕੀਰਤਨ ਵਿਚ ਹਾਜ਼ਰੀਆਂ ਭਰਨ ਲਈ ਪੁਜ ਰਹੇ ਹਨ ਅਤੇ ਹੋਰ ਭੀ ਸੰਗਤਾਂ ਪੁਜ ਰਹੀਆਂ ਹਨ। ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਦਾਸ ਦੇ ਗ੍ਰਿਹ ਵਿਖੇ ਹੋਵੇਗਾ।

ਦਰਸ਼ਨ ਅਭਿਲਾਖੀ ਦਾਸਰਾ—ਦਲੀਪ ਸਿੰਘ
ਪ੍ਰੇਮ ਰੋਲਿੰਗ ਸ਼ਟਰ ਇੰਡਸਟਰੀ, ਨੇੜੇ ਪੁਰਾਣਾ ਥਾਣਾ, ਬਠਿੰਡਾ

---

# ਹੇਮ ਕੁੰਟ ਮਿਸ਼ਨ, ਚੰਡੀਗੜ੍ਹ ਨੂੰ ਲੋੜ

ਹੇਮਕੁੰਟ ਮਿਸ਼ਨ ਚੰਡੀਗੜ੍ਹ ਨੂੰ ਪਿੰਡਾਂ ਵਿਚ ਪਰਚਾਰ ਕਰਨ ਲਈ ਦੋ ਸਜਣਾਂ ਦੀ ਲੋੜ ਹੈ —

੧. ਸੇਲਜ਼ਮੈਨ ਅਤੇ ਸਟੋਰ ਕੀਪਰ     ੨. ਪੰਜਾਬੀ ਦਾ ਸਟੈਨੋ

ਅੰਮ੍ਰਿਤਧਾਰੀ, ਨਿਤਨੇਮੀ ਅਤੇ ਰਹਿਤ ਵਿਚ ਪੂਰਾ ਹੋਣਾ ਜ਼ਰੂਰੀ ਹੈ। ਯੋਗ ਸਜਣ ਹੇਠ ਲਿਖੇ ਪਤੇ ਤੇ ਅਰਜ਼ੀਆਂ ਭੇਜਣ।

ਸਕੱਤਰ, ਹੇਮ ਕੁੰਟ ਮਿਸ਼ਨ, 226 —ਸੈਕਟਰ 21-A, ਚੰਡੀਗੜ੍ਹ

www.AKJ.Org

# ਯੂ. ਕੇ. (ਇੰਗਲੈਂਡ) ਵਿਚ ਹੈਲਮਟ ਲੋਹ-ਟੋਪ ਵਿਰੁਧ ਜਦ-ਜਹਿਦ



ਉਪਰੋਕਤ ਪੰਜ ਸਿੰਘਾਂ ਦਾ ਡੈਪੂਟੇਸ਼ਨ ੭ ਫ਼ਰਵਰੀ ੧੯੭੪ ਨੂੰ ਇੰਗਲੈਂਡ ਦੀ ਵਜ਼ੀਰ-ਮੰਡਲੀ ਨੂੰ ਮਿਲਿਆ ਅਤੇ ਸੌ ਤੋਂ ਵਧ ਸਫ਼ੇ ਦੀ ਫ਼ਾਈਲ ਵਿਚ ਹੈਲਮਟ ਲੋਹ-ਟੋਪ ਦੇ ਵਿਰੁੱਧ ਨੁਕਤੇ ਪੇਸ਼ ਕੀਤੇ। ਬਹੁਤ ਸਾਰੀਆਂ ਦਸਤਾਵੇਜ਼ਾਂ, ਜੋ ਉਨ੍ਹਾਂ ਵਜ਼ੀਰਾਂ ਨੂੰ ਨਵੇਂ ਨੁਕਤੇ ਜਾਪੇ, ਉਨ੍ਹਾਂ ਆਪਣੇ ਕੋਲ ਰਖ ਲਈਆਂ ਅਤੇ ਵਡੇ ਵਜ਼ੀਰ ਨੇ ਭਰੋਸਾ ਦਿਵਾਇਆ ਕਿ "ਅਜ ਦੀ ਮੀਟਿੰਗ ਦੇ ਦੂਰ-ਰਸ ਨਤੀਜੇ ਨਿਕਲ ਸਕਦੇ ਹਨ। ਮੈਂ ਤੁਹਾਡੇ ਸਾਰੇ ਕਾਗਜ਼ ਤੇ ਇਤਰਾਜ਼ ਆਪਣੇ ਸਾਥੀਆਂ ਅਗੇ ਪਾਰਲੀਮੈਂਟ ਵਿਚ ਰਖਾਂਗਾ। ਅੱਜ ਸਾਡੀ ਪਾਰਲੀਮੈਂਟ ਟੁਟ ਰਹੀ ਹੈ। ਦੁਬਾਰਾ ਜੇ ਅਸੀਂ ਆਏ ਤਾਂ ਸੰਜੀਦਗੀ ਨਾਲ ਤੁਹਾਡੇ ਕੇਸ ਤੇ ਵਿਚਾਰ ਕਰਾਂਗੇ ਅਤੇ ਜੇ ਕੋਈ ਹੋਰ ਆਏ ਤਾਂ ਉਨ੍ਹਾਂ ਵਾਸਤੇ ਲਿਖਤੀ ਨੋਟ ਛਡ ਜਾਵਾਂਗੇ।"

---

# ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਵੈਸਾਖੀ

ਗੁਰਦਵਾਰਾ ਸ੍ਰੀ ਦਸਮੇਸ਼ ਸਿਖ ਟੈਂਪਲ **LOZEUS** ਬਰਮਿੰਘਮ - ੧੯ ਵਿਖੇ ੧੨, ੧੩ ਤੇ ੧੪ ਅਪ੍ਰੈਲ ੧੯੭੪ ਨੂੰ ਸ੍ਰੀ ਅਖੰਡਪਾਠ ਹੋਣਗੇ।

੧੩–੪–੭੪ ਸ਼ਨੀਵਾਰ ਸ਼ਾਮ ਨੂੰ ਅਠ ਵਜੇ ਅੰਮ੍ਰਿਤ - ਸੰਚਾਰ ਅਰੰਭ ਹੋਣਗੇ। ਅਭਿਲਾਖੀ ਸਜਣ ਸ਼ਸਤਰ ਬਸਤਰ ਸਜਾ ਕੇ ਵੇਲੇ ਸਿਰ ਪੁਜਣ ਦੀ ਕਿਰਪਾਲਤਾ ਕਰਨ।

੧੪–੪–੭੪ ਐਤਵਾਰ ਨੂੰ ਇਕ ਸ਼ਾਨਦਾਰ ਜਲੂਸ ਗੁਰਦਵਾਰਾ ਸਾਹਿਬ ਡਰਬੀ ਤੋਂ ੧੨-੩੦ ਵਜੇ ਨਿਕਲੇਗਾ। ਸਾਰੇ ਵੀਰ ਭੈਣਾਂ ਤੇ ਬੱਚੇ ਹਿੱਸਾ ਲੈ ਕੇ ਧੰਨਵਾਦੀ ਬਣਾਓ ਜੀ।

ਸੇਵਾਦਾਰ — ਬੰਤਾ ਸਿੰਘ ਰੀਹਲ
ਅਖੰਡ ਕੀਰਤਨੀ ਜੱਥਾ ਯੂ. ਕੇ. (ਰਜਿਸਟ੍ਰਡ)

www.AKJ.Org

# ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਸਮਾਗਮ

## ੧੧ ਅਪ੍ਰੈਲ ਵੀਰਵਾਰ ਸਵੇਰ ਤੋਂ ੧੪ ਅਪ੍ਰੈਲ ਐਤਵਾਰ ਸਵੇਰ ਤਕ

ਵੈਸਾਖੀ ਵਾਲੇ ਦਿਨ ਦਸਮੇਸ਼ ਪਿਤਾ ਜੀ ਨੇ ਖੰਡੇ ਦੀ ਧਾਰ ਤੇ ਸਿਖੀ ਨੂੰ ਪਰਖਿਆ ਅਤੇ ਸਰਬ-ਲੋਹੀ ਬਾਟੇ ਵਿਚੋਂ ਖੰਡੇ ਦਾ ਅੰਮ੍ਰਿਤ ਪਿਲਾ ਕੇ ਸਰਬ-ਲੋਹੀ ਖ਼ਾਲਸਾ ਸਾਜਿਆ। ਜਾਗਤ-ਜੋਤਿ ਦੇ ਉਪਾਸ਼ਕ, ਪੰਜ ਕਕਾਰਾਂ ਦੇ ਧਾਰਨੀ ਅਤੇ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲੇ ਖ਼ਾਲਸਾ ਜੀ ਨੂੰ ਸਤਿਗੁਰੂ ਜੀ ਨੇ ਆਪਣਾ ਸਰੂਪ ਬਖਸ਼ਿਆ।

ਭਗਤੀ ਤੇ ਸ਼ਕਤੀ ਦੇ ਧਾਰਨੀ ਖ਼ਾਲਸਾ ਜੀ ਦਾ ਜਨਮ ਦਿਨ—ਵੈਸਾਖੀ—ਦਾ ਪੁਰਬ ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ ਪਿਛੇ ਵਾਂਗ ਸ੍ਰੀ ਅੰਮ੍ਰਿਤਸਰ ਵਿਖੇ ਮਨਾਇਆ ਜਾ ਰਿਹਾ ਹੈ। ਆਇ ਦੀਦਾਰ ਬਖ਼ਸ਼ੋ ਜੀ।

## ਕੀਰਤਨ ਤੇ ਸ੍ਰੀ ਅਖੰਡ-ਪਾਠ ਪ੍ਰੋਗਰਾਮ

| ਮਿਤੀ ਅਤੇ ਦਿਨ | ਸਮਾਂ | ਪ੍ਰੋਗਰਾਮ ਦਾ ਵੇਰਵਾ | ਅਸਥਾਨ |
|---|---|---|---|
| ੧੧-੪-੭੪ | ੪-੩੦ ਤੋਂ ੭-੪੫ ਸਵੇਰੇ | ਆਸਾ ਦੀ ਵਾਰ ਤੇ ਕੀਰਤਨ | ੯੩-ਅਜੀਤ ਨਗਰ ਵਿਖੇ |
| (ਵੀਰਵਾਰ) | —— ੮-੦੦ ਸਵੇਰੇ | ਅਖੰਡ ਪਾਠ ਅਰੰਭ | ,, ,, |
| | ੬-੦੦ ਤੋਂ ੯-੦੦ ਸ਼ਾਮ | ਸੋਦਰ ਤੇ ਅਖੰਡ ਕੀਰਤਨ | ਗੁਰਦਵਾਰਾ ਗੁਰੂ ਕੇ ਮਹਿਲ ਵਿਖੇ |
| ੧੨-੪-੭੪ | ੭-੦੦ ਤੋਂ ੧੧-੦੦ ਸਵੇਰੇ | ਅਖੰਡ ਕੀਰਤਨ | ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ |
| (ਸ਼ੁਕਰਵਾਰ) | ੭-੦੦ ਤੋਂ ੯-੦੦ ਸ਼ਾਮ | ਅਖੰਡ ਕੀਰਤਨ | ਮੰਜੀ ਸਾਹਿਬ ਵਿਖੇ |
| ੧੩-੪-੭੪ | —— ੫-੦੦ ਸਵੇਰੇ | ਭੋਗ ਸ੍ਰੀ ਅਖੰਡ ਪਾਠ | ਅਜੀਤ ਨਗਰ ਵਿਖੇ |
| (ਸ਼ਨੀਵਾਰ) | ੫-੩੦ ਤੋਂ ੧-੦੦ ਤਕ | ਆਸਾ ਦੀ ਵਾਰ ਤੇ ਅਖੰਡ ਕੀਰਤਨ | ,, ,, |
| | ੨-੦੦ ਦੁਪਹਿਰ ਤੋਂ ਪਿਛੋਂ | ਅੰਮ੍ਰਿਤ-ਸੰਚਾਰ ਸਮਾਗਮ | ,, ,, |
| | ੭-੩੦ ਸ਼ਾਮ ਸੋਦਰ ਪਿਛੋਂ | ਰੈਣ-ਸਬਾਈ ਕੀਰਤਨ ਅਰੰਭ | ,, ,, |
| ੧੪-੪-੭੪ | ੪-੦੦ ਤੋਂ ੭-੦੦ ਸਵੇਰੇ | ਆਸਾ ਦੀ ਵਾਰ ਤੇ ਸਮਾਪਤੀ ਰੈਣ-ਸਬਾਈ | ,, ,, |

ਨੋਟ :—੧. ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪਰਬੰਧ ੯੩-੯੪ ਅਜੀਤ ਨਗਰ (ਬਾਹਰ ਸੁਲਤਾਨਵਿੰਡ ਗੇਟ) ਅੰਮ੍ਰਿਤਸਰ ਜੀ ਵਿਖੇ ਹੋਵੇਗਾ।

੨. ਸਰਬਤ ਗੁਰਸਿਖ ਵੀਰਾਂ ਭੈਣਾਂ ਪਾਸ ਬਿਨੈ ਹੈ ਕਿ ਲੋੜ ਮੂਜਬ ਬਿਸਤਰੇ ਜ਼ਰੂਰ ਨਾਲ ਲਿਆਵੋ ਜੀ।

੩. ਸਮੂੰਹ ਕੀਰਤਨੀ ਜੱਥੇ ਅਤੇ ਸੰਗਤਾਂ ੧੧-੪-੭੪ ਸਵੇਰ ਤਕ ਜ਼ਰੂਰ ਪੁਜ ਜਾਣ ਅਤੇ ਆਪਣੇ ਪੁਜਣ ਦੀਆਂ ਪਰਵਾਨਗੀਆਂ ਪਹਿਲਾਂ ਭੇਜ ਦੇਵੋ ਜੀ।

੪. ਅੰਮ੍ਰਿਤ-ਅਭਿਲਾਖੀ ਸਜਣ ਸਹਿਤ ਪਰਵਾਰ ਪੰਜ-ਕਕਾਰੀ ਰਹਿਤ ਧਾਰਨ ਕਰ ਕੇ ਪੁਜਣ ਅਤੇ ਅੰਮ੍ਰਿਤ ਪਾਨ ਕਰਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

੫. ਸਮਾਗਮ ਤੇ ਅਨੰਦ-ਕਾਰਜ ਕਰਾਉਣ ਵਾਲੇ ਪਰਵਾਰ ਪਹਿਲਾਂ ਸੂਚਨਾ ਭੇਜ ਦੇਣ ਦੀ ਕਿਰਪਾਲਤਾ ਕਰਨ।

੬. ਲੋੜ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ।

ਪੁੱਛ-ਗਿੱਛ ਲਈ :—

ਸਿੰਘ ਬ੍ਰਦਰਜ਼ (ਜਾਂ) ਖ਼ਾਲਸਾ ਬ੍ਰਦਰਜ਼
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਆਪ ਜੀ ਦਾ ਦਾਸ
ਮੱਲ ਸਿੰਘ (ਜੱਥੇਦਾਰ)
ਸਰਬ ਹਿੰਦ ਅਖੰਡ ਕੀਰਤਨੀ ਜੱਥਾ, ਭਾਰਤ ਵਰਸ਼

www.AKJ.Org